Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 282 30/03/2026 www.samajweekly.com samajweekly @samajweekly samajweekly

# ਅਮਰੀਕਾ ’ਚ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾਉਣ ਦੀ ਉਠੀ ਮੰਗ

**ਵਾਸ਼ਿੰਗਟਨ** । ਸ਼ਨੀਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਪੂਰੇ ਅਮਰੀਕਾ ਵਿੱਚ ਕੀਤੀ ਗਈ 'ਨੋ ਕਿੰਗਜ਼ ਰੈਲੀ' ਵਿੱਚ 80 ਲੱਖ ਲੋਕਾਂ ਨੇ ਹਿੱਸਾ ਲਿਆ । ਮੀਡੀਆ ਰਿਪੋਰਟਾਂ ਅਨੁਸਾਰ ਇਹ ਵਿਰੋਧ ਪ੍ਰਦਰਸ਼ਨ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ 3,300 ਤੋਂ ਵੱਧ ਥਾਵਾਂ 'ਤੇ ਕੀਤੇ ਗਏ ਸਨ। ਰੈਲੀ ਦੇ ਪ੍ਰਬੰਧਕਾਂ ਨੇ ਕਿਹਾ ਕਿ ਅਕਤੂਬਰ ਵਿੱਚ ਹੋਏ ਪਿਛਲੇ 'ਨੋ ਕਿੰਗਜ਼' ਪ੍ਰਦਰਸ਼ਨਾਂ ਦੇ ਮੁਕਾਬਲੇ, ਇਸ ਵਾਰ ਲਗਭਗ 10 ਲੱਖ ਹੋਰ ਲੋਕਾਂ ਨੇ ਹਿੱਸਾ ਲਿਆ ਅਤੇ ਲਗਭਗ 600 ਵਾਧੂ




ਪ੍ਰੋਗਰਾਮ ਕੀਤੇ ਗਏ ਸਨ। ਪ੍ਰਦਰਸ਼ਨਕਾਰੀਆਂ ਦਾ ਦਾਅਵਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੀਆਂ ਕਈ ਨੀਤੀਆਂ ਤੋਂ ਨਾਰਾਜ਼ ਹਨ। ਉਨ੍ਹਾਂ ਦੀਆਂ ਸ਼ਿਕਾਇਤਾਂ ਖਾਸ ਤੌਰ 'ਤੇ ਈਰਾਨ ਨਾਲ ਵਧਦੇ ਤਣਾਅ, ਸਖ਼ਤ ਇਮੀਗ੍ਰੇਸ਼ਨ ਲਾਗੂ ਕਰਨ ਦੇ ਉਪਾਵਾਂ ਅਤੇ ਵਧਦੀ ਮਹਿੰਗਾਈ 'ਤੇ ਕੇਂਦਰਿਤ ਹਨ । ਕਈ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਨੇ ਟਰੰਪ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦੇ ਵਿਰੋਧ ਵਿੱਚ ਪੋਸਟਰ ਪ੍ਰਦਰਸ਼ਿਤ ਕੀਤੇ, ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ।

# ਇਰਾਨ ਵੱਲੋਂ ਇਜ਼ਰਾਈਲ ਦੇ CHEIMCAL PLANT ’ਤੇ ਹਮਲਾ: ਜ਼ਹਿਰੀਲੀ ਗੈਸ ਲੀਕ ਹੋਣ ਦੀ ਚਿਤਾਵਨੀ

**ਇਰਾਨ।** ਇਰਾਨ ਨੇ ਦੱਖਣੀ ਇਜ਼ਰਾਈਲ ਵਿੱਚ ਸਥਿਤ ਇੱਕ ਕੈਮੀਕਲ ਪਲਾਂਟ ’ਤੇ ਮਿਜ਼ਾਈਲ ਹਮਲਾ ਕੀਤਾ ਜਿਸ ਕਾਰਨ ਪਲਾਂਟ ਵਿੱਚ ਅੱਗ ਲੱਗ ਗਈ ਹੈ। ਇਹ ਹਮਲਾ ਨਿਓਤ ਹੋਵਾਵ ਉਦਯੋਗਿਕ ਖੇਤਰ ਵਿੱਚ ਹੋਇਆ ਹੈ, ਜੋ ਬੀਅਰਸ਼ੇਵਾ ਸ਼ਹਿਰ ਤੋਂ ਲਗਪਗ 9 ਕਿਲੋਮੀਟਰ ਦੀ ਦੂਰੀ ’ਤੇ ਹੈ। ਇਸ ਹਮਲੇ ਤੋਂ ਬਾਅਦ ਪਲਾਂਟ ਵਿੱਚ ਮੌਜੂਦ ਖ਼ਤਰਨਾਕ ਰਸਾਇਣਾਂ ਕਾਰਨ ਇਲਾਕੇ ਵਿੱਚ ਜ਼ਹਿਰੀਲੀ ਗੈਸ ਫੈਲਣ ਦਾ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਧਮਾਕੇ ਵਿੱਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ। ਸਥਾਨਕ ਅਧਿਕਾਰੀਆਂ ਨੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਅਤੇ ਖਿੜਕੀਆਂ-ਦਰਵਾਜ਼ੇ ਪੂਰੀ ਤਰ੍ਹਾਂ ਬੰਦ ਰੱਖਣ ਦੀ ਸਲਾਹ ਦਿੱਤੀ ਹੈ।ਪੈਟਰੋਲੀਅਮ ਅਤੇ



ਕੁਦਰਤੀ ਗੈਸ ਮੰਤਰਾਲੇ ਨੇ ਐਤਵਾਰ ਨੂੰ ਦੱਸਿਆ ਕਿ ਦੋ ਵੱਡੇ ਐਲਪੀਜੀ ਜਹਾਜ਼ ਭਾਂ ਨ੍ਹੈ ਅਤੇ ਭਾਂ ਓਲ਼ੰ ਲਗਪਗ 94,000 ਮੀਟ੍ਰਿਕ ਟਨ ਗੈਸ ਲੈ ਕੇ ਸੁਰੱਖਿਅਤ ਤਰੀਕੇ ਨਾਲ ਭਾਰਤ ਵੱਲ ਵਧ ਰਹੇ ਹਨ। ਇਨ੍ਹਾਂ ਵਿੱਚੋਂ ਇੱਕ ਜਹਾਜ਼ 31 ਮਾਰਚ ਤੱਕ ਮੁੰਬਈ ਅਤੇ ਦੂਜਾ 1 ਅਪਰੈਲ ਤੱਕ ਨਿਊ ਮੰਗਲੌਰ ਪਹੁੰਚਣ ਦੀ ਉਮੀਦ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਦੇ ਬਾਵਜੂਦ ਸਰਕਾਰ ਨੇ ਭਾਰਤੀ ਜਹਾਜ਼ਾਂ ਅਤੇ ਸਮੁੰਦਰੀ ਕਰਮਚਾਰੀਆਂ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਹਨ ਅਤੇ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਵੀ ਮਦਦ ਲਈ ਤਿਆਰ ਹਨ। ਇਰਾਨ ਦੀ ਿ ਇ ਸ ਲ ਾ ਿ ਮ ਕ ਰਿਵੋਲਿਊਸ਼ਨਰੀ ਗਾਰਡ ਕੋਰ (ਆਈ ਆਰ ਜੀ ਸੀ) ਨੇ ਚਿਤਾਵਨੀ ਦਿੱਤੀ ਹੈ ਕਿ ਇੱਕ ਪ੍ਰਮੁੱਖ ਇਰਾਨੀ ਅਕਾਦਮਿਕ ਸੰਸਥਾ 'ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਪੱਛਮੀ ਏਸ਼ੀਆ ਵਿੱਚ ਇਜ਼ਰਾਈਲ ਅਤੇ ਅਮਰੀਕਾ ਨਾਲ ਸਬੰਧਤ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਉੱਧਰ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਹੁਣ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ ਹੈ ਕਿਉਂਕਿ ਯਮਨ ਦੇ ਹੂਤੀ ਬਾਗੀਆਂ ਨੇ ਪਹਿਲੀ ਵਾਰ ਸਿੱਧੇ ਤੌਰ ’ਤੇ ਇਜ਼ਰਾਈਲ ’ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਸਥਿਤੀ ਨੂੰ ਸੰਭਾਲਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਆਪਣੇ ‘ਮਰੀਨ’ (ਫੌਜੀ) ਖੇਤਰ ਵਿੱਚ ਭੇਜ ਦਿੱਤੇ ਹਨ, ਜਿਨ੍ਹਾਂ ਦੀ ਪਹਿਲੀ ਟੁਕੜੀ ਪਹੁੰਚ ਚੁੱਕੀ ਹੈ। ਵਾਸ਼ਿੰਗਟਨ ਪੋਸਟ ਮੁਤਾਬਕ ਅਮਰੀਕਾ ਆਉਣ ਵਾਲੇ ਹਫਤਿਆਂ ਵਿੱਚ ਇਰਾਨ ਵਿੱਚ ਜ਼ਮੀਨੀ ਕਾਰਵਾਈ ਦੀ ਤਿਆਰੀ ਕਰ ਰਿਹਾ ਹੈ। ਇਸ ਜੰਗ ਕਾਰਨ ਵਿਸ਼ਵ ਅਰਥਵਿਵਸਥਾ ਅਤੇ ਊਰਜਾ ਸਪਲਾਈ ’ਤੇ ਬੁਰਾ ਅਸਰ ਪੈ ਰਿਹਾ ਹੈ, ਜਦੋਂਕਿ ਇਜ਼ਰਾਈਲ ਵੱਲੋਂ ਲਗਾਤਾਰ ਇਰਾਨ ਅਤੇ ਲਿਬਨਾਨ ਵਿੱਚ ਸਰਕਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਦੂਜੇ ਪਾਸੇ, ਇਰਾਨ ਨੇ ਵੀ ਜਵਾਬੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਸਾਊਦੀ ਅਰਬ ਵਿੱਚ ਇੱਕ ਅਮਰੀਕੀ ਜੰਗੀ ਟਿਕਾਣੇ ’ਤੇ ਹੋਏ ਹਮਲੇ ਵਿੱਚ 12 ਅਮਰੀਕੀ ਸੈਨਿਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਇਲ-ਾਵਾ ਇਰਾਨ ਨੇ ਬਹਿਰੀਨ ਅਤੇ ਕੁਵੈਤ ਵਰਗੇ ਖਾੜੀ ਦੇਸ਼ਾਂ ਵਿੱਚ ਵੀ ਕਈ ਥਾਵਾਂ ’ਤੇ ਹਮਲੇ ਕੀਤੇ ਹਨ, ਜਿਸ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।

# ਲਗਭਗ 2,500 ਅਮਰੀਕੀ ਮਰੀਨ ਫੌਜੀ ਪੱਛਮੀ ਏਸ਼ੀਆ ਖੇਤਰ ਵਿੱਚ ਪਹੁੰਚੇ

**ਦੁਬਈ।** ਪੱਛਮੀ ਏਸ਼ੀਆ ਵਿੱਚ ਮਹੀਨੇ ਭਰ ਚੱਲੇ ਸੰਘਰਸ਼ ਦੇ ਵਿਚਕਾਰ, ਲਗਭਗ 2,500 ਅਮਰੀਕੀ ਮਰੀਨ ਇਸ ਖੇਤਰ ਵਿੱਚ ਪਹੁੰਚ ਗਏ ਹਨ, ਜੋ ਕਿ ਪਿਛਲੇ ਦੋ ਦਹਾਕਿਆਂ ਵਿੱਚ ਸਭ ਤੋਂ ਵੱਡੀ ਅਮਰੀਕੀ ਫੌਜੀ ਤਾਇਨਾਤੀ ਹੈ। ਇਸ ਤੋਂ ਇਲ-ਾਵਾ, 82ਵੀਂ ਏਅਰਬੋਰਨ ਡਿਵੀਜ਼ਨ ਦੇ ਘੱਟੋ-ਘੱਟ 1,000 ਪੈਰਾਟਰੂਪਰ, ਜੋ ਦੁਸ਼ਮਣ ਦੀਆਂ ਲਾਈਨਾਂ ਦੇ ਪਿੱਛੇ ਉਤਰਨ ਅਤੇ ਮੁੱਖ ਠਿਕਾਣਿਆਂ ਅਤੇ ਹਵਾਈ ਪੱਟੀਆਂ ਨੂੰ ਸੁਰੱਖਿਅਤ ਕਰਨ ਦੇ ਸਮਰੱਥ ਹਨ, ਨੂੰ ਵੀ ਪੱਛਮੀ ਏਸ਼ੀਆ ਵਿੱਚ ਭੇਜਣ ਦਾ ਆਦੇਸ਼ ਦਿੱਤਾ ਗਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਅਮਰੀਕਾ "ਜ਼ਮੀਨੀ ਫੌਜਾਂ ਨਾਲ ਆਪਣੇ ਸਾਰੇ ਉਦੇਸ਼ ਪ੍ਰਾਪਤ ਕਰ ਸਕਦਾ ਹੈ।"ਇਸ ਦੌਰਾਨ, ਐਤਵਾਰ ਨੂੰ, ਈਰਾਨ ਨੇ ਖੇਤਰ ਵਿੱਚ ਇਜ਼ਰਾਈਲੀ ਅਤੇ ਅਮਰੀਕੀ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ। ਇਹ ਪਹਿਲੀ ਵਾਰ ਹੈ



ਜਦੋਂ ਈਰਾਨ ਨੇ ਖੁੱਲ੍ਹ ਕੇ ਵਿਦਿਅਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ। ਸਰਕਾਰੀ ਮੀਡੀਆ ਨੇ ਰਿਪੋਰਟ ਦਿੱਤੀ ਕਿ ਅਰਧ ਸੈਨਿਕ ਰੈਵੋਲਿਊਸ਼ਨਰੀ ਗਾਰਡ ਨੇ ਇੱਕ ਬਿਆਨ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਈਰਾਨੀ ਯੂਨੀਵਰਸਿਟੀਆਂ ਦੀ ਸੁਰੱਖਿਆ ਨੂੰ ਯਕੀਨੀ ਨਹੀਂ ਬਣਾਇਆ ਗਿਆ, ਤਾਂ ਖੇਤਰ ਵਿੱਚ ਇਜ਼ਰਾਈਲੀ ਅਤੇ ਅਮਰੀਕੀ ਯੂਨੀਵਰਸਿਟੀ ਕੈਂਪਸਾਂ ਨੂੰ "ਸਿੱਧਾ" ਨਿਸ਼ਾਨਾ ਬਣਾਇਆ ਜਾਵੇਗਾ। ਰੈਵੋਲਿਊਸ਼ਨਰੀ ਗਾਰਡ ਨੇ ਕਿਹਾ, "ਜੇਕਰ ਅਮਰੀਕੀ ਸਰਕਾਰ ਚਾਹੁੰਦੀ ਹੈ ਕਿ ਇਸ ਖੇਤਰ ਵਿੱਚ ਉਸਦੀਆਂ ਯੂਨੀਵਰਸਿਟੀਆਂ ਸੁਰੱਖਿਅਤ ਰਹਿਣ, ਤਾਂ ਉਸਨੂੰ 30 ਮਾਰਚ, ਸੋਮਵਾਰ ਦੁਪਹਿਰ 12 ਵਜੇ ਤੱਕ (ਈਰਾਨੀ) ਯੂਨੀਵਰਸਿਟੀਆਂ 'ਤੇ ਹੋਏ ਹਮਲਿਆਂ ਦੀ ਨਿੰਦਾ ਕਰਦੇ ਹੋਏ ਇੱਕ ਅਧਿਕਾਰਤ ਬਿਆਨ ਜਾਰੀ ਕਰਨਾ ਚਾਹੀਦਾ ਹੈ।

## ਜੈੱਕ ਨਾਲ ਉੱਚਾ ਚੁੱਕਿਆ ਜਾ ਰਿਹਾ ਮਕਾਨ ਡਿੱਗਿਆ,

**ਬਰਨਾਲਾ** ।ਜ਼ਿਲ੍ਹਾ ਬਰਨਾਲਾ ਤੋਂ ਬਹੁਤ ਦੁਖਦਾਈ ਖ਼ਬਰ ਸਾਹਮਣੇ ਆ ਰਹੀ ਹੈ, ਇਥੇ ਪਿੰਡ ਫਰਵਾਹੀ ਵਿਖੇ ਜੈੱਕ ਨਾਲ ਉੱਚਾ ਚੁੱਕਿਆ ਜਿਹਾ ਜਾ ਰਿਹਾ ਮਕਾਨ ਅੱਜ ਸਵੇਰੇ ਡਿੱਗ ਗਿਆ, ਜਿਸ ਕਾਰਨ ਚਾਰ ਮਜ਼ਦੂਰ ਮਲਬੇ ਦੇ ਹੇਠਾਂ ਦੱਬ ਗਏ। ਜਿਨ੍ਹਾਂ ਵਿਚੋਂ ਤਿੰਨ ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇਕ ਮਜ਼ਦੂਰ ਨੂੰ ਮਲਬੇ ਵਿਚੋਂ ਕੱਢਣ ਲਈ ਯਤਨ ਕੀਤੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਪਿੰਡ ਫਰਵਾਹੀ ਦੇ ਵਸਨੀਕ ਵਿਸ਼ਾਲ ਗੋਇਲ ਦਾ ਪਿਛਲੇ ਕਾਫ਼ੀ ਦਿਨਾਂ ਤੋਂ ਜੈੱਕ ਨਾਲ ਘਰ ਉੱਚਾ ਚੁੱਕਿਆ ਜਾ ਰਿਹਾ



ਸੀ। ਅੱਜ ਸਵੇਰੇ ਸਵਾ ਕੁ ਚਾਰ ਵਜੇ ਅਚਾਨਕ ਲੈਂਟਰ ਡਿੱਗਣ ਕਾਰਨ ਘਰ ਅੰਦਰ ਪਏ ਚਾਰ ਮਜ਼ਦੂਰ ਮਲਬੇ ਹੇਠਾਂ ਦੱਬ ਗਏ। ਇਸ ਘਟਨਾ ਦਾ ਪਤਾ ਚੱਲਦਿਆਂ ਹੀ ਪਿੰਡ ਵਾਸੀ ਵੱਡੀ ਗਿਣਤੀ ਵਿਚ ਇਕੱਤਰ ਹੋਏ ਜਿਨ੍ਹਾਂ ਵਲੋਂ ਭਾਰੀ ਮੁਸ਼ੱਕਤ ਤੋਂ ਬਾਅਦ ਤਿੰਨ ਮਜ਼ਦੂਰਾਂ ਨੂੰ ਮਲਬੇ ਵਿਚੋਂ ਬਾਹਰ ਕੱਢ ਕੇ ਵੱਖ-ਵੱਖ ਐਂਬੂਲੈਂਸਾਂ ਰਾਹੀ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖ਼ਲ ਕਰਵਾਇਆ ਗਿਆ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਅਤੇ ਚੌਥੇ ਮਜ਼ਦੂਰ ਨੂੰ ਮਲਬੇ ਵਿਚੋਂ ਕੱਢਣ ਲੋਕਾਂ ਵਲੋਂ ਮਲਬਾ ਹਟਾਇਆ ਜਾ ਰਿਹਾ ਹੈ।

## ਅਮਿਤ ਸ਼ਾਹ ਦੇ 'ਪੁਰਾਣੇ ਕਾਰਨਾਮਿਆਂ' ਲਈ ਉਨ੍ਹਾਂ ਖ਼ਿਲਾਫ਼ ਹੋਣੀ ਚਾਹੀਦੀ ਹੈ ਚਾਰਜਸ਼ੀਟ: ਮਮਤਾ

### ਕਿਹਾ- ਭਾਜਪਾ ਆਈ ਤਾਂ ਖਾਣ-ਪੀਣ ਦੀਆਂ ਪਸੰਦਾਂ 'ਤੇ ਲੱਗੇਗੀ ਪਾਬੰਦੀ

**ਪੁਰੂਲੀਆ (ਪੱਛਮੀ ਬੰਗਾਲ)** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਤ੍ਰਿਣਮੂਲ ਕਾਂਗਰਸ ਸਰਕਾਰ ਵਿਰੁੱਧ ਸਿਆਸੀ 'ਚਾਰਜਸ਼ੀਟ' ਜਾਰੀ ਕੀਤੇ ਜਾਣ ਤੋਂ ਇਕ ਦਿਨ ਬਾਅਦ, ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਤਵਾਰ ਨੂੰ ਤਿੱਖਾ ਪਲਟਵਾਰ ਕੀਤਾ ਹੈ। ਪੁਰੂਲੀਆ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਕਿਹਾ ਕਿ ਖੁਦ ਅਮਿਤ ਸ਼ਾਹ ਵਿਰੁੱਧ ਉਨ੍ਹਾਂ ਦੇ 'ਪੁਰਾਣੇ ਕਾਰਨਾਮਿਆਂ' ਲਈ ਚਾਰਜਸ਼ੀਟ ਦਾਖ਼ਲ ਹੋਣੀ ਚਾਹੀਦੀ ਹੈ। ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਜੇਕਰ ਭਾਰਤੀ ਜਨਤਾ ਪਾਰਟੀ (ਭਾਜਪਾ) ਸੱਤਾ ਵਿੱਚ ਆਉਂਦੀ ਹੈ, ਤਾਂ ਉਹ ਔਰਤਾਂ ਲਈ ਸ਼ੁਰੂ ਕੀਤੀ ਗਈ 'ਲਕਸ਼ਮੀਰ ਭੰਡਾਰ' ਯੋਜਨਾ ਨੂੰ ਬੰਦ ਕਰ ਦੇਵੇਗੀ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ ਦੇ ਸੂਬੇ ਵਿੱਚ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਪਾਬੰਦੀਆਂ ਲਗਾਈਆਂ ਜਾਣਗੀਆਂ। ਮਮਤਾ ਨੇ ਕਿਹਾ, " ਜੇਕਰ ਭਾਜਪਾ ਸੱਤਾ ਵਿੱਚ ਆਈ,



ਤਾਂ ਲੋਕ ਮੱਛੀ, ਮੀਟ ਅਤੇ ਅੰਡੇ ਨਹੀਂ ਖਾ ਸਕਣਗੇ।" ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਸ਼ੇਸ਼ ਸੁਧਾਰ ਯੋਜਨਾ (ਸ੍ਰੀ) ਰਾਹੀਂ ਵੋਟਰ ਸੂਚੀਆਂ ਵਿੱਚੋਂ 1.2 ਕਰੋੜ ਵੋਟਰਾਂ ਦੇ ਨਾਮ ਹਟਾ ਦਿੱਤੇ ਗਏ ਹਨ। ਉਨ੍ਹਾਂ ਨੇ ਵੋਟਰਾਂ ਨੂੰ ਭਾਜਪਾ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਸ੍ਰੀ ਮਾਛੀਵਾੜਾ ਸਾਹਿਬ 'ਚ ਕਾਂਗਰਸ ਬਲਾਕ ਪ੍ਰਧਾਨ ਦਾ ਕਤਲ



**ਸ੍ਰੀ ਮਾਛੀਵਾੜਾ ਸਾਹਿਬ** : ਸ੍ਰੀ ਮਾਛੀਵਾੜਾ ਸਾਹਿਬ 'ਚ ਕਾਂਗਰਸ ਦੇ ਬਲਾਕ ਪ੍ਰਧਾਨ ਦਾ ਕਤਲ ਕਰ ਦਿਤਾ ਗਿਆ। ਵਾਰਦਾਤ ਮਾਛੀਵਾੜਾ ਦੇ ਪਿੰਡ ਹਾੜੀਆਂ 'ਚ ਸ਼ਾਮ ਸਾਢੇ ਕੁ ਛੇ ਵਜੇ ਵਾਪਰੀ ਜਦੋਂ ਕਾਂਗਰਸ ਦੇ ਸੀਨੀਅਰ ਲੀਡਰ ਪਰਮਿੰਦਰ ਤਿਵਾੜੀ ਅਪਣੇ ਦਫ਼ਤਰ 'ਚ ਬੈਠੇ ਸਨ। ਦੋ ਹਮਲਾਵਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਸਨ। ਇਕ ਦੇ ਹੱਥ ਵਿਚ ਕੁਹਾੜੀ ਫੜੀ ਹੋਈ ਸੀ, ਜਿਸ ਨਾਲ ਉਸ ਨੇ ਪਰਮਿੰਦਰ 'ਤੇ ਕਈ ਵਾਰ ਕੀਤੇ। ਲੋਕਾਂ ਨੇ ਲਹੂ-ਲੁਹਾਨ ਪਰਮਿੰਦਰ ਨੂੰ ਸਥਾਨਕ ਸਰਕਾਰੀ ਹਸਪਤਾਲ ਲਿਆਂਦਾ, ਪਰ ਹਾਲਤ ਨਾਜ਼ੁਕ ਹੋਣ ਕਰਕੇ ਉਨ੍ਹਾਂ ਨੂੰ ਲੁਧਿਆਣਾ ਰੈਫਰ ਕੀਤਾ ਗਿਆ। ਹਸਪਤਾਲ ਲਿਜਾਂਦੇ ਹੋਏ ਰਸਤੇ 'ਚ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਇਸ ਮਾਮਲੇ ਦੇ ਵਿੱਚ ਤਫਤੀਸ਼ ਕਰਨ ਵਿੱਚ ਲੱਗੀ ਹੋਈ ਹੈ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲਾਲਜੀਤ ਸਿੰਘ ਭੁੱਲਰ ਦਾ ਰਿਮਾਂਡ ਤਿੰਨ ਦਿਨ ਹੋਰ ਵਧਿਆ



**ਅੰਮ੍ਰਿਤਸਰ :** ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਅੱਜ ਪੰਜ ਦਿਨ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅੰਮ੍ਰਿਤਸਰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਲਾਲਜੀਤ ਭੁੱਲਰ ਨੂੰ ਮੁੜ ਤੋਂ 3 ਦਿਨ ਦੇ ਰਿਮਾਂਡ ’ਤੇ ਭੇਜ ਦਿੱਤਾ ਹੈ। ਪੁਲਿਸ ਨੇ ਅਦਾਲਤ ’ਚ ਕਿਹਾ ਕਿ ਕੁਝ ਸਬੂਤ ਇਕੱਠੇ ਕਰਨੇ ਬਾਕੀ ਹਨ, ਖ਼ਾਸ ਕਰਕੇ ਮੋਬਾਈਲ ਫੋਨ ਦੀ ਰਿਕਵਰੀ ਸਬੰਧੀ ਜਾਂਚ ਜਾਰੀ ਹੈ । ਪਰਿਵਾਰ ਵੱਲੋਂ ਫੋਨ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਵਕੀਲਾਂ ਨੇ ਦੱਸਿਆ ਕਿ ਪੁਲਿਸ ਨੇ ਪਹਿਲਾਂ ਪੰਜ ਦਿਨਾਂ ਦਾ ਹੋਰ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਸਿਰਫ ਤਿੰਨ ਦਿਨਾਂ ਦਾ ਹੀ ਰਿਮਾਂਡ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ ਹੁਣ ਰਿਮਾਂਡ ਸਮਾਪਤ ਹੋਣ ਤੋਂ ਬਾਅਦ ਹੋਵੇਗੀ। ਜ਼ਿਕਰਯੋਗ ਹੈ ਕਿ ਡੀਐੱਮ ਗਗਨਦੀਪ ਸਿੰਘ ਰੰਧਾਵਾ ਦੀ ਕਥਿਤ ਤੌਰ ਉੱਤੇ ਖੁਦਕੁਸ਼ੀ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਪੁਲਿਸ ਨੇ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ ਸੀ । ਇਸ ਮਾਮਲੇ ਵਿਚ ਪੁਲਿਸ ਐੱਫ.ਆਈ.ਆਰ. ਵਿਚ ਮੁੱਖ ਮੁਲਜ਼ਮ ਵਜੋਂ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀਏ ਦਿਲਬਾਗ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ।

# ਅੰਮ੍ਰਿਤਸਰ ਪੁਲਿਸ ਨੇ ਦੋ ਮਸ਼ੀਨ ਗੰਨ ਅਤੇ 1 ਖਾਲੀ ਮੈਗਜ਼ੀਨ ਕੀਤਾ ਬਰਾਮਦ



**ਅੰਮ੍ਰਿਤਸਰ :** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ । ਪੁਲਿਸ ਨੇ ਖ਼ਾਸ ਇੰਟੈਲੀਜੈਂਸ ਅਧਾਰਿਤ ਆਪਰੇਸ਼ਨ ਦੌਰਾਨ ਨਾਕਾਬੰਦੀ ਕਰਕੇ ਗੈਰਕਾਨੂੰਨੀ ਹਥਿਆਰਾਂ ਦੀ ਵੱਡੀ ਖੇਪ ਨੂੰ ਨਾਕਾਮ ਕਰ ਦਿੱਤਾ । ਇਸ ਕਾਰਵਾਈ ਦੌਰਾਨ ਪੁਲਿਸ ਨੇ ਦੋ 9 ਐਮ.ਐਮ. ਸਬ-ਮਸ਼ੀਨ ਗੰਨ ਅਤੇ ਇੱਕ ਖਾਲੀ ਮੈਗਜ਼ੀਨ ਬਰਾਮਦ ਕੀਤੀ ਹੈ, ਜੋ ਕਿ ਬਹੁਤ ਹੀ ਖ਼ਤਰਨਾਕ ਅਤੇ ਆਟੋਮੈਟਿਕ ਫਾਇਰਿੰਗ ਸਮਰੱਥਾ ਵਾਲੇ ਹਥਿਆਰ ਹਨ । ਪੁਲਿਸ ਅਨੁਸਾਰ ਇਹ ਹਥਿਆਰ ਪਾਕਿ-ਸਤਾਨ ਵੱਲੋਂ ਡਰੋਨ ਰਾਹੀਂ ਭਾਰਤੀ ਸਰਹੱਦ ਵਿੱਚ ਭੇਜੇ ਗਏ ਸਨ, ਤਾਂ ਜੋ ਇਨ੍ਹਾਂ ਨੂੰ ਗੈਂਗਸਟਰਾਂ ਅਤੇ ਅਪਰਾਧਿਕ ਤੱਤਾਂ ਤੱਕ ਪਹੁੰਚਾਇਆ ਜਾ ਸਕੇ । ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਮਾਮਲੇ ਦੇ ਤਾਰ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ ਨਾਲ ਜੁੜਦੇ ਹਨ, ਜੋ ਇਸ ਵੇਲੇ ਯੂਰਪ ਵਿੱਚ ਬੈਠ ਕੇ ਆਪਣਾ ਨੈੱਟਵਰਕ ਚਲਾ ਰਿਹਾ ਹੈ। ਉਸਦਾ ਇੱਕ ਸਾਥੀ “ਹੈਰੀ” ਵੀ ਇਸ ਗੈਂਗ ਨਾਲ ਜੁੜਿਆ ਹੋਇਆ ਦੱਸਿਆ ਜਾ ਰਿਹਾ ਹੈ, ਜਿਸਦੀ ਪੂਰੀ ਪਛਾਣ ਹਾਲੇ ਕੀਤੀ ਜਾ ਰਹੀ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਇਹ ਗੈਂਗ ਪਹਿਲਾਂ ਵੀ ਕਤਲ, ਐਕਸਟੋਰਸ਼ਨ ਅਤੇ ਹੋਰ ਸੰਗਠਿਤ ਅਪਰਾਧਾਂ ਵਿੱਚ ਸ਼ਾਮਲ ਰਹਿ ਚੁੱਕਾ ਹੈ। ਪੁਲਿਸ ਦਾ ਮੰਨਣਾ ਹੈ ਕਿ ਜੇ ਇਹ ਹਥਿਆਰ ਮੰਜ਼ਿਲ ਤੱਕ ਪਹੁੰਚ ਜਾਂਦੇ ਤਾਂ ਸੂਬੇ ਵਿੱਚ ਵੱਡੀਆਂ ਅਪਰਾਧਿਕ ਘਟਨਾਵਾਂ ਹੋ ਸਕਦੀਆਂ ਸਨ। ਅੰਮ੍ਰਿਤਸਰ ਤੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਕਾਰਵਾਈ ਗੁਰੂ ਕੀ ਵਡਾਲੀ ਇਲਾਕੇ ਦੇ ਨੇੜੇ ਕੀਤੀ ਗਈ, ਜਿੱਥੇ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਕੁਝ ਸ਼ੱਕੀ ਵਿਅਕਤੀ ਘੁੰਮ ਰਹੇ ਹਨ। ਨਾਕਾਬੰਦੀ ਦੌਰਾਨ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੇ ਪੁਲਿਸ ਨੂੰ ਦੇਖ ਕੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਉਹਨਾਂ ਦਾ ਬੈਗ ਥੱਲੇ ਡਿੱਗ ਗਿਆ, ਜਿਸ ਵਿੱਚੋਂ ਇਹ ਹਥਿਆਰ ਬਰਾਮਦ ਹੋਏ। ਪੁਲਿਸ ਵੱਲੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ ਅਤੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਉਹਨਾਂ ਦੀ ਪਛਾਣ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਥਾਣਾ ਛੇਹਰਟਾ ਵਿੱਚ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਪੂਰੇ ਨੈੱਟਵਰਕ ਨੂੰ ਬੇਨਕਾਬ ਕਰਨ ਲਈ ਜਾਂਚ ਕਰ ਰਹੀ ਹੈ। ਪੁਲਿਸ ਕਮਿਸ਼ਨਰ ਭੁੱਲਰ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਗੈਂਗਸਟਰਾਂ ਦੇ ਲਾਲਚ ਵਿੱਚ ਨਾ ਆਉਣ, ਕਿਉਂਕਿ ਇਸਦਾ ਨਤੀਜਾ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਘਾਤਕ ਸਾਬਤ ਹੁੰਦਾ ਹੈ।

# ਪਤਨੀ ਦੇ ਕਤਲ ਕੇਸ ’ਚ ਦੋਸ਼ੀ ਮੁਅੱਤਲ ਕੈਪਟਨ ਸੰਦੀਪ ਤੋਮਰ ਗ੍ਰਿਫ਼ਤਾਰ



**ਅਬੋਹਰ :** ਪੁਲਿਸ ਥਾਣਾ ਨੰਬਰ 1 ਦੀ ਟੀਮ ਨੇ ਮੱਧ ਪ੍ਰਦੇਸ਼ ਦੇ ਛਿੰਦਵਾੜਾ ਤੋਂ ਇੱਕ ਮੁਅੱਤਲ ਫੌਜੀ ਕੈਪਟਨ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਆਪਣੀ ਪਤਨੀ ਦੇ ਕਤਲ ਲਈ ਦੋਸ਼ੀ ਠਹਿਰਾਏ ਜਾਣ ਅਤੇ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਫਰਾਰ ਹੋ ਗਿਆ ਸੀ । ਲਗਭਗ ਪਿਛਲੇ ਚਾਰ ਸਾਲਾਂ ਤੋਂ ਦੋਸ਼ੀ ਆਪਣੀ ਅਸਲੀ ਪਛਾਣ ਛੁਪਾਉਂਦੇ ਹੋਏ ਇੱਕ ਜੂਸ ਫੈਕਟਰੀ ਵਿੱਚ ਇੰਚਾਰਜ ਵਜੋਂ ਕੰਮ ਕਰ ਰਿਹਾ ਸੀ। ਪੁਲਿਸ ਦੇ ਅਨੁਸਾਰ ਸੰਦੀਪ ਤੋਮਰ ਮੂਲ ਰੂਪ ਵਿੱਚ ਕਾਨਪੁਰ ਦਾ ਰਹਿਣ ਵਾਲਾ ਹੈ ਜੋ ਘਟਨਾ ਵੇਲੇ ਅਬੋਹਰ ਛਾਉਣੀ ਵਿੱਚ ਕੈਪਟਨ ਵਜੋਂ ਤਾਇਨਾਤ ਸੀ । 2013 ਵਿੱਚ ਉਸਦੀ ਪਤਨੀ ਸ਼ਵੇਤਾ ਸਿੰਘ ਨੇ ਫਾਂਸੀ ਲਗਾ ਕੇ ਖੁਦਕੁਸ਼ੀ ਕਰ ਲਈ ਸੀ। ਮ੍ਰਿਤਕ ਦੇ ਪਿਤਾ ਵੱਲੋਂ ਦਿੱਤੇ ਗਏ ਬਿਆਨ ਦੇ ਆਧਾਰ 'ਤੇ ਸੰਦੀਪ ਤੋਮਰ ਅਤੇ ਉਸਦੇ ਮਾਪਿਆਂ ਖ਼ਿਲਾਫ਼ ਦਾਜ ਲਈ ਪ੍ਰੇਸ਼ਾਨ ਅਤੇ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ਾਂ ਵਿੱਚ ਕੇਸ ਦਰਜ ਕੀਤਾ ਗਿਆ ਸੀ। ਮੁਕੱਦਮੇ ਦੀ ਕਾਰਵਾਈ ਦੌਰਾਨ 23 ਸਤੰਬਰ 2022 ਨੂੰ ਅਦਾਲਤ ਨੇ ਸੰਦੀਪ ਨੂੰ ਉਸ ਦੀ ਪਤਨੀ ਦੇ ਕਤਲ ਦਾ ਦੋਸ਼ੀ ਪਾਇਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ । ਇਸ ਫੈਸਲੇ ਤੋਂ ਬਾਅਦ ਉਹ ਫਰਾਰ ਹੋ ਗਿਆ। ਪੁਲਿਸ ਤੋਂ ਬਚਣ ਲਈ ਉਸਨੇ ਇੱਕ ਨਵੀਂ ਪਛਾਣ ਅਪਣਾਈ ਅਤੇ ਛਿੰਦਵਾੜਾ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਲਗਭਗ ਚਾਰ ਸਾਲ ਬਾਅਦ ਪੁਲਿਸ ਨੇ ਉਸ ਨੂੰ ਫੜ ਲਿਆ ਅਤੇ ਉਸ ਨੂੰ ਅਬੋਹਰ ਵਾਪਸ ਲੈ ਆਈ ਅਤੇ ਹੁਣ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।




# ਅਦਬੀ ਸ਼ਾਮ ਵੱਲੋਂ ਇੰਜ. ਖਜ਼ਾਨ ਸਿੰਘ ਦਾ ਤੀਸਰਾ ਕਾਵਿ-ਸੰਗ੍ਰਹਿ “ਅਨੁਭਵ ਦੇ ਪਰਿੰਦੇ” ਲੋਕ ਅਰਪਣ




**ਕਪੂਰਥਲਾ, 29 ਮਾਰਚ (ਕੌੜਾ)**- ਜ਼ਿਲ੍ਹੇ ਦੀ ਸਾਹਿਤਕ ਸੰਸਥਾ ਅਦਬੀ ਸ਼ਾਮ ਵੱਲੋਂ ਸੰਸਥਾ ਦੇ ਹੀ ਸਰਪ੍ਰਸਤ ਇੰਜ. ਖਜ਼ਾਨ ਸਿੰਘ ਦਾ ਤੀਸਰਾ ਕਾਵਿ-ਸੰਗ੍ਰਹਿ “ਅਨੁਭਵ ਦੇ ਪਰਿੰਦੇ” ਦਾ ਲੋਕ ਅਰਪਣ ਸਮਾਗਮ ਕੀਤਾ ਗਿਆ। ਰਤਨ ਰੀਜੈਂਸੀ ਕਪੂਰਥਲਾ ਵਿਖੇ ਅਦਬੀ ਸ਼ਾਮ ਕਪੂਰਥਲਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਹਾਜ਼ਰੀ ਵਿੱਚ ਇਸ ਪੁਸਤਕ ਦੀ ਘੁੰਡ-ਚੁਕਾਈ ਦੀ ਰਸਮ ਅਦਾ ਕੀਤੀ ਗਈ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼੍ਰੀਮਤੀ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਡਾ. ਹਰਭਜਨ ਸਿੰਘ ਜੀ ਨੇ ਕੀਤੀ ਅਤੇ ਕਿਤਾਬ ਉੱਤੇ ਵਿਚਾਰ ਚਰਚਾ ਸਭਾ ਦੇ ਪ੍ਰਧਾਨ ਸ਼ਹਿਬਾਜ਼ ਖ਼ਾਨ ਨੇ ਕੀਤੀ। ਜਨਰਲ ਸਕੱਤਰ ਨਰਿੰਦਰ ਨੀਤ ਨੇ ਸਮਾਗਮ ਦੀ ਸ਼ੁਰੂਆਤ ਵਿੱਚ ਨਵੀਂ ਪੁਸਤਕ ਦੀ ਮੁਬ-ਾਰਕਬਾਦ ਦਿੰਦਿਆਂ ਪੁਸਤਕ ਦੇ ਸ਼ਾਇਰ ਇੰਜ. ਖਜ਼ਾਨ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਹਰਭਜਨ ਸਿੰਘ ਨੇ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਇੰਜ. ਖਜ਼ਾਨ ਸਿੰਘ ਬੇਸ਼ੱਕ ਆਪਣੀ ਸੇਵਾ ਕਾਲ ਦੌਰਾਨ ਇੰਜੀਨਅਰਿੰਗ ਦੇ ਕੰਮ ਨਾਲ ਜੁੜੇ ਰਹੇ ਪਰ ਉਹਨਾਂ ਦੇ ਮਨ ਅੰਦਰ ਇੱਕ ਸੰਜੀਦਾ ਸ਼ਾਇਰ ਵੀ ਹਮੇਸ਼ਾ ਜਿਊਂਦਾ ਰਿਹਾ ਹੈ। ਉਹਨਾਂ ਨੇ ਪੁਸਤਕ ਵਿੱਚੋਂ ਕੁੱਝ ਚੋਣਵੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦਾ ਹਵਾਲਾ ਦੇ ਕੇ ਕਿਤਾਬ ਵਿਚਲੀ ਸ਼ਾਇਰੀ ਬਾਰੇ ਗੱਲ-ਬਾਤ ਕੀਤੀ। ਸਭਾ ਦੇ ਪ੍ਰਧਾਨ ਸ਼ਹਿਬਾਜ਼ ਖ਼ਾਨ ਨੇ ਪੁਸਤਕ, ਸ਼ਾਇਰ ਅਤੇ ਇਸ ਵਿਚਲੀ ਸ਼ਾਇਰੀ ਬਾਰੇ ਪਰਚਾ ਪੜ੍ਹਿਆ। ਉਹਨਾਂ ਆਖਿਆ ਕਿ ਇੰਜ. ਖਜ਼ਾਨ ਸਿੰਘ ਦੀ ਸ਼ਾਇਰੀ ਵਿੱਚ ਹਰ ਰੰਗ ਮੌਜੂਦ ਹੈ, ਚਾਹੇ ਉਹ ਵਿਯੋਗ ਹੈ, ਪਰਮਾਤਮਾ ਹੈ ਜਾਂ ਕੁਦਰਤ। ਪੁਸਤਕ ਦੇ ਸ਼ਾਇਰ ਖਜ਼ਾਨ ਸਿੰਘ ਨੇ ਆਖਿਆ ਕਿ ਉਹਨਾਂ ਦੀ ਸ਼ਾਇਰੀ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਵਿੱਚੋਂ ਹੀ ਉਪਜੀ ਹੈ। ਉਹਨਾਂ ਇਹ ਵੀ ਆਖਿਆ ਕਿ ਉਹਨਾਂ ਨੇ ਆਪਣੀਆਂ ਰਚਨਾਵਾਂ ਦਾ ਥੀਮ ਬਹੁਤ ਸਰਲ ਅਤੇ ਹਕੀਕਤ ਦੇ ਨੇੜੇ-ਤੇੜੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਉਪਰੰਤ ਮੁੱਖ ਮਹਿਮਾਨ ਸ਼੍ਰੀਮਤੀ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਨੇ ਆਪਣੇ ਸ਼ਬਦਾਂ ਵਿੱਚ ਕਿਹਾ ਕਿ ਬੇਸ਼ੱਕ ਸ਼ਾਇਰੀ ਪਰਮਾਤਮਾ ਦੀ ਅਦੁੱਤੀ ਬਖ਼ਸ਼ਿਸ਼ ਹੈ ਅਤੇ ਇੱਕ ਔਖਾ ਕਾਰਜ ਵੀ ਹੈ ਪਰ ਇੰਜ. ਖਜ਼ਾਨ ਸਿੰਘ ਨੇ ਇਹ ਕਾਰਜ ਆਪਣੀ ਪੁਸਤਕ ਜ਼ਰੀਏ ਬਾਖ਼ੂਬੀ ਨਿਭਾਇਆ ਹੈ। ਇਸ ਉਪਰੰਤ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਦੀ ਘੁੰਡ ਚੁਕਾਈ ਦੀ ਰਸਮ ਅਦਾ ਕੀਤੀ ਗਈ। ਅੰਤ ਵਿੱਚ ਸਭਾ ਦੇ ਸਰਪ੍ਰਸਤ ਡਾ. ਹਰਭਜਨ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਇਕੱਤਰਤਾ ਵਿੱਚ ਪਰਮਜੀਤ ਸਿੰਘ ਡਾਇਰੈਕਟਰ ਆਕਾਸ਼ਵਾਣੀ ਜਲੰਧਰ, ਸਮਾਜਸੇਵੀ ਅਤੇ ਉੱਘੀ ਸ਼ਾਇਰਾ ਪ੍ਰੋਮਿਲਾ ਅਰੋੜਾ, ਉਪਕਾਰ ਕੌਰ, ਰਘੂਬੀਰ ਕੌਰ, ਮੁਨੱਜ਼ਾ ਇਰਸ਼ਾਦ, ਅਵਤਾਰ ਸਿੰਘ ਭੰਡਾਲ, ਮੋਹਨ ਸਿੰਘ ਮੋਤੀ, ਪਰਗਣ ਸਿੰਘ ਧਾਲੀਵਾਲ, ਅਵਤਾਰ ਸਿੰਘ, ਰਵਿੰਦਰ ਕੌਰ (ਰਿਟਾ. ਬੈਂਕ ਮੈਨੇਜਰ), ਜਸਜੀਤ ਕੌਰ ਅਤੇ ਸਹਿਜਪਾਲ ਸਿੰਘ ਆਦਿ ਹਾਜ਼ਰ ਸਨ।

# ਅਧਿਆਪਕ ਦਲ ਪੰਜਾਬ ਦੀ ਜ਼ਿਲ੍ਹਾ ਇਕਾਈ ਤਰਨ ਤਾਰਨ ਦੀ ਚੋਣ ਹੋਈ

- **ਬਲਦੇਵ ਸਿੰਘ ਬਸਰਾ ਸਰਪ੍ਰਸਤ, ਰਾਜਦੀਪ ਸਿੰਘ ਜੌਹਲ ਜ਼ਿਲ੍ਹਾ ਪ੍ਰਧਾਨ ਅਤੇ ਸ਼ਿੰਗਾਰਾ ਸਿੰਘ ਜਨਰਲ ਸਕੱਤਰ ਚੁਣੇ ਗਏ**
- **ਅਧਿਆਪਕ ਦਲ ਪੰਜਾਬ ਦੇ ਮੁੱਖ ਬੁਲਾਰੇ ਸੁਖਦਿਆਲ ਸਿੰਘ ਝੰਡ ਵਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਕਬਾਦ**



**ਕਪੂਰਥਲਾ, 29 ਮਾਰਚ ( ਵਿਸੇਸ ਪ੍ਰਤੀਨਿਧ )**- ਅਧਿਆਪਕ ਦਲ ਪੰਜਾਬ ਜਿਲ੍ਹਾ ਤਰਨਤਾਰਨ ਦੀ ਚੋਣ ਸੂਬਾ ਕਨਵੀਨਰ ਬਾਜ ਸਿੰਘ ਖਹਿਰਾ, ਕਾਰਜਕਾਰੀ ਕਨਵੀਨਰ ਰਵਿੰਦਰਜੀਤ ਸਿੰਘ ਪੰਨੂ ਅਤੇ ਸੁਖਦਿਆਲ ਸਿੰਘ ਝੰਡ ਮੁੱਖ ਬੁਲਾਰਾ ਅਤੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਦੀ ਨਿਗਰਾਨੀ ਹੇਠ ਗਾਂਧੀ ਪਾਰਕ ਤਰਨਤਾਰਨ ਵਿਖੇ ਹੋਈ। ਇਸ ਮੌਕੇ ਸੂਬਾ ਕਨਵੀਨਰ ਬਾਜ ਸਿੰਘ ਖਹਿਰਾ ਨੇ ਅਧਿਆਪਕ ਦਲ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਧਿਆਪਕ ਦਲ ਹਮੇਸ਼ਾਂ ਅਧਿਆਪਕਾਂ ਦੇ ਹੱਕ ਲਈ ਸੰਘਰਸ਼ ਕਰਦਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਇਹ ਸੰਘਰਸ਼ ਜਾਰੀ ਰਹੇਗਾ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਮੇਤ ਅਧਿਆਪਕਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ, ਕੱਚੇ ਅਧਿਆਪਕਾਂ ਨੂੰ ਪੱਕੇ ਨਹੀ ਕੀਤਾ ਜਾ ਰਿਹਾ, 37 ਭੱਤੇ ਬਹਾਲ ਨਹੀ ਕੀਤੇ ਜਾ ਰਹੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਨਹੀਂ ਕੀਤਾ ਜਾ ਰਿਹਾ, ਇਸ ਲਈ ਪੰਜਾਬ ਸਰਕਾਰ ਦੀ ਇਸ ਨੀਤੀ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ। ਇਸ ਮੌਕੇ ਸੂਬਾ ਕਾਰਜਕਾਰੀ ਕਨਵੀਨਰ ਰਵਿੰਦਰਜੀਤ ਸਿੰਘ ਪੰਨੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਰੋਸ ਪ੍ਰਦਰਸ਼ਨ ਕਰ ਰਹੇ ਅਧਿਆਪਕਾਂ ਤੇ ਤਸ਼ੱਦਦ ਕੀਤਾ ਜਾ ਰਿਹਾ ਹੈ ਇਸ ਲਈ ਸਾਰੇ ਅਧਿਆਪਕ ਵਰਗ ਨੂੰ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਹੋਰ ਤੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਬਾਜ ਸਿੰਘ ਖਹਿਰਾ ਵਲੋਂ ਪਹਿਲੀ ਜਿਲ੍ਹਾ ਕਮੇਟੀ ਨੂੰ ਭੰਗ ਕਰ ਦਿੱਤਾ ਗਿਆ ਅਤੇ ਨਵੀਂ ਜ਼ਿਲ੍ਹਾ ਕਮੇਟੀ ਬਣਾਉਣ ਦੀ ਇਜਾਜ਼ਤ ਦਿੱਤੀ ਗਈ। ਇਸ ਮੌਕੇ ਹਾਜ਼ਰ ਅਧਿਆਪਕਾਂ ਵਲੋਂ ਸਰਬਸੰਮਤੀ ਨਾਲ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਬਲਦੇਵ ਸਿੰਘ ਬਸਰਾ ਜਿਲ੍ਹਾ ਸਰਪਰਸਤ, ਰਾਜਦੀਪ ਸਿੰਘ ਜੌਹਲ ਜ਼ਿਲ੍ਹਾ ਪ੍ਰਧਾਨ, ਸ਼ਿੰਗਾਰਾ ਸਿੰਘ ਜਨਰਲ ਸਕੱਤਰ ,ਕੁਲਦੀਪ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਸੁਰਿੰਦਰਪਾਲ ਸਿੰਘ ਝੰਡ ਸੀਨੀਅਰ ਮੀਤ ਪ੍ਰਧਾਨ ,ਰੁਪਿੰਦਰ ਸਿੰਘ ਕੈਰੋਂ ਮੀਤ ਪ੍ਰਧਾਨ ਅਤੇ ਮਲਕੀਤ ਸਿੰਘ ਵਿੱਤ ਸਕੱਤਰ ਚੁਣੇ ਗਏ। ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੁਬ-ਾਰਕਬਾਦ ਦਿੰਦੇ ਹੋਏ ਅਧਿਆਪਕ ਦਲ ਪੰਜਾਬ ਦੇ ਮੁੱਖ ਬੁਲਾਰੇ ਅਤੇ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ ਨੇ ਅਧਿਆਪਕ ਦਲ ਦੀ ਮਜ਼ਬੂਤੀ ਲਈ ਹੋਰ ਮਿਹਨਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੂਬਾਈ ਆਗੂ ਭਜਨ ਸਿੰਘ ਮਾਨ ,ਰਮੇਸ਼ ਕੁਮਾਰ ਭੇਟ ,ਹਰਦੇਵ ਸਿੰਘ ਖਾਨੋਵਾਲ ,ਸੁਖਜਿੰਦਰ ਸਿੰਘ ਢੋਲਣ ,ਸੁਰਿੰਦਰਪਾਲ ਸਿੰਘ ਝੰਡ,ਪੁਸ਼ਪਿੰਦਰ ਸਿੰਘ ਪਲਾਸੋਰ, ਹਰਜੀਤ ਸਿੰਘ, ਹਰਭਿੰਦਰ ਸਿੰਘ ,ਪਰਮਿੰਦਰ ਸਿੰਘ ਨਾਗੀ, ਸਰੂਪ ਸਿੰਘ ਸਮਰਾ, ਅਰਵਿੰਦਰ ਸਿੰਘ ,ਮਨਦੀਪ ਸਿੰਘ ,ਅਵਤਾਰ ਸਿੰਘ ਰਟੌਲ, ਦਲਜੀਤ ਸਿੰਘ ਠਰੂ ,ਨਰੇਸ਼ ਕੁਮਾਰ ,ਪਰਵਿੰਦਰ ਸਿੰਘ, ਜਸਬੀਰ ਸਿੰਘ, ਰਣਜੀਤ ਸਿੰਘ, ਗੁਰਸ਼ਰਨ ਸਿੰਘ, ਗੁਰਸੇਵਕ ਸਿੰਘ, ਮਨਜੀਤ ਸਿੰਘ,ਬਲਜਿੰਦਰ ਸਿੰਘ ,ਦਵਿੰਦਰ ਸਿੰਘ ,ਸੰਦੀਪ ਸਿੰਘ, ਹਰਚਰਨ ਕੰਵਲ ਸਿੰਘ,ਪ੍ਰਭਦੀਪ ਸਿੰਘ ,ਗੁਰਬਰਿੰਦਰ ਸਿੰਘ ਕੱਲਾ ,ਪਲਵਿੰਦਰ ਸਿੰਘ, ਜਸਕਰਨ ਸਿੰਘ, ਨਵਦੀਪ ਸਿੰਘ, ਪਰਗਟ ਸਿੰਘ ,ਕੁਲਰਾਜਬੀਰ ਸਿੰਘ, ਗੁਰਅਵਤਾਰ ਸਿੰਘ ,ਰਾਜਬੀਰ ਸਿੰਘ, ਸੁਖਜਿੰਦਰ ਸਿੰਘ ,ਅਵਤਾਰ ਸਿੰਘ ,ਸੰਤ ਕਰਮਜੀਤ ਸਿੰਘ ,ਜਤਿੰਦਰ ਸਿੰਘ ,ਗੁਰਜਿੰਦਰ ਸਿੰਘ, ਧੀਰਜ ਕੁਮਾਰ, ਗੁਰਮੇਲ ਸਿੰਘ ,ਦੀਪਕ ਕੁਮਾਰ, ਹਰਪ੍ਰੀਤ ਸਿੰਘ ,ਜਸਵੰਤ ਸਿੰਘ, ਸਾਹਿਬ ਸਿੰਘ ,ਰਛਪਾਲ ਸਿੰਘ ,ਸੁਖਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

for more news visit:
www.samajweekly.com

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਰਕਾਰੀ ਐਲੀਮੈਂਟਰੀ ਸਕੂਲ, ਬਾੜਾ ਸਿੱਧਪੁਰ ਵਿਖੇ ਸਾਲਾਨਾ ਸਮਾਗਮ ਕਰਵਾਇਆ ਗਿਆ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ, ਬਾੜਾ ਸਿੱਧਪੁਰ ਵਿਖੇ ਮੈਗਾ ਮਾਪੇ ਅਧਿਆਪਕ ਮਿਲਣੀ, ਗ੍ਰੈਜੂਏਸ਼ਨ ਸੈਰੇਮਨੀ, ਬੁਨਿਆਦੀ ਸਾਖ਼ਰਤਾ ਅਤੇ ਸੰਖਿਆ ਗਿਆਨ ਮੇਲਾ ਕਰਵਾਇਆ ਗਿਆ। ਜਿਸ ਦੌਰਾਨ ਸਾਲਾਨਾ ਸਨਮਾਨ ਸਮਾਰੋਹ ਵਿੱਚ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਸਰਕਾਰੀ ਐਲੀਮੈਂਟਰੀ ਸਕੂਲ, ਬਾੜਾ ਸਿੱਧਪੁਰ ਦੇ ਅਧਿਆਪਕਾਂ ਵੱਲੋਂ ਆਏ ਹੋਏ ਸਮੂਹ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਪੰਚਾਇਤ, ਪੁਰਾਣੇ ਵਿਦਿਆਰਥੀਆਂ, ਪੱਤਵੰਤੇ ਸੱਜਣਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ ਅਤੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਨੁਕਤਿਆਂ 'ਤੇ ਚਰਚਾ ਉਪਰੰਤ ਵਿਹਾਰਿਕ ਰੂਪ ਦਿੱਤਾ ਗਿਆ। ਸਰਪੰਚ ਸਲਿੰਦਰ ਕੌਰ ਹੁਰਾਂ ਸਕੂਲ ਦੀਆਂ ਅਨੇਕ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਸਮੂਹ ਮਾਪਿਆਂ ਨੂੰ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਚੇਅਰਪਰਸਨ ਗੁਰਦੀਪ ਕੌਰ ਤੇ ਜਸਪਾਲ ਕੌਰ, ਆਂਗਣਵਾੜੀ ਵਰਕਰ ਰਿੰਪੀ, ਪ੍ਰੋ. ਜੋਤੀ ਚੁੰਬਰ , ਅਧਿਆਪਕ ਸੁਖਦੀਪ ਸਿੰਘ, ਅਧਿਆਪਕਾ ਅੰਜਲੀ ਕਪੂਰ, ਅਧਿਆਪਕਾ ਰਣਜੀਤ ਕੌਰ, ਹਰਪ੍ਰੀਤ ਕੌਰ ਤੇ ਪੰਚ ਸੁਰਿੰਦਰਪਾਲ ਸਿੰਘ ਤੋਂ ਇਲਾਵਾ ਪੁਰਾਣੇ ਵਿਦਿਆਰਥੀ, ਸਮੂਹ ਮੌਜੂਦਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਆਦਿ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

# ਇੰਗਲੈਂਡ ਵਿਖੇ ਢਾਡੀ ਭਾਈ ਮਲਕੀਤ ਸਿੰਘ ਮਸਤ ਤੇ ਅੰਮ੍ਰਿਤਪਾਲ ਸਿੰਘ ਮਹਿਤਪੁਰ ਦੇ ਜਥੇ ਦਾ ਸਨਮਾਨ



**ਨਕੋਦਰ ਮਹਿਤਪੁਰ 29 ਮਾਰਚ (ਹਰਜਿੰਦਰ ਪਾਲ ਛਾਬੜਾ)** ਇੰਗਲੈਡ ਦੇ ਸ਼ਹਿਰ ਨੋਟਿੰਘਮ ਗੁਰਦੁਆਰਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਵਿਖੇ ਸ਼੍ਰੀ ਹਜ਼ੂਰ ਨਾਭ ਕੰਵਲ ਰਾਜਾ ਸਾਹਿਬ ਜੀ ਦਾ 164 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਢਾਡੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਸੰਗਤ ਵੱਲੋਂ ਢਾਡੀ ਜਥਾ ਭਾਈ ਮਲਕੀਤ ਸਿੰਘ ਮਸਤ ਅਤੇ ਅੰਮ੍ਰਿਤਪਾਲ ਸਿੰਘ ਮਹਿਤਪੁਰ ਦੇ ਜਥੇ ਦਾ ਇੰਗਲੈਂਡ ਦੀਆਂ ਸੰਗਤਾਂ ਵੱਲੋ ਸਨਮਾਨ ਕੀਤਾ ਗਿਆ। ਇਸ ਮੌਕੇ ਇੰਗਲੈਂਡ ਦੀ ਸੰਗਤ ਨੇ ਸਾਰੰਗੀ ਮਾਸਟਰ ਜਤਿੰਦਰ ਸਿੰਘ ਸ਼ੇਰਗਿੱਲ, ਢਾਡੀ ਮਨਜਿੰਦਰ ਸਿੰਘ ਸ਼ੇਰਗਿੱਲ , ਢਾਡੀ ਜੁਝਾਰ ਸਿੰਘ ਸ਼ੇਰਗਿੱਲ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸੰਗਤ ਵੱਲੋ ਗੁਰੂ ਕੇ ਲੰਗਰ ਲਗਾਏ ਗਏ। ਇਸ ਮੌਕੇ ਸਰਦਾਰ ਆਤਮਾ ਸਿੰਘ, ਸਰਦਾਰ ਮਨਦੀਪ ਸਿੰਘ ਡਰਬੀ , ਸਰਬਜੀਤ ਸਿੰਘ ਸਾਬੀ ਮਜਾਰਾ , ਅਸ਼ਵਨੀ , ਗਿਆਨੀ ਬਲਰਾਜ ਸਿੰਘ ਢਾਡੀ ਗੁਰਬਚਨ ਸਿੰਘ ਅਣਖੀ ਆਦਿ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਖਸ਼ ਸਿੰਘ ਖਾਲਸਾ ਨੂੰ ਸੌਂਪੀ ਵੱਡੀ ਜ਼ਿੰਮੇਵਾਰੀ; ਇਲਾਕੇ ਦੀਆਂ ਧਾਰਮਿਕ ਜਥੇਬੰਦੀਆਂ ਵਿੱਚ ਖੁਸ਼ੀ ਦੀ ਲਹਿਰ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥਕ ਗਤੀਵਿਧੀਆਂ ਅਤੇ ਸਿੱਖੀ ਪ੍ਰਚਾਰ ਦੇ ਖੇਤਰ ਵਿੱਚ ਅਹਿਮ ਫੈਸਲਾ ਲੈਂਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਮੁੱਖ ਪੰਥਕ ਸ਼ਖਸੀਅਤ ਗੁਰਬਖਸ਼ ਸਿੰਘ ਖਾਲਸਾ ਨੂੰ ਸ਼੍ਰੋਮਣੀ ਕਮੇਟੀ ਦਾ ਅਧਿਕਾਰਤ ਬੁਲਾਰਾ ਨਿਯੁਕਤ ਕੀਤਾ ਗਿਆ ਹੈ।ਗੁਰਬਖਸ਼ ਸਿੰਘ ਖਾਲਸਾ ਦਾ ਜੀਵਨ ਪੰਥਕ ਸੰਘਰਸ਼ਾਂ ਅਤੇ ਕੁਰਬਾਨੀਆਂ ਨਾਲ ਭਰਿਆ ਰਿਹਾ ਹੈ। ਜ਼ਿਕਰਯੋਗ ਹੈ ਕਿ ਪੰਥਕ ਹਿੱਤਾਂ ਦੀ ਰਾਖੀ ਕਰਦਿਆਂ ਉਹ ਪਿਛਲੇ ਸਮੇਂ ਦੌਰਾਨ ਕਾਫੀ ਸਮਾਂ ਜੇਲ੍ਹ ਵਿੱਚ ਵੀ ਰਹੇ ਅਤੇ ਲੰਬਾ ਸਮਾਂ ਰੂਪ-ਪੋਸ਼ ਰਹਿ ਕੇ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਕਾਰਜ ਕੀਤੇ। ਉਹਨਾਂ ਵੱਲੋਂ ਸਿਰ-ਧੜ ਦੀ ਬਾਜ਼ੀ ਲਗਾ ਕੇ ਨਿਭਾਈਆਂ ਸੇਵਾਵਾਂ ਅਤੇ ਸਿੱਖੀ ਪ੍ਰਤੀ ਅਟੁੱਟ ਵਿਸ਼ਵਾਸ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਉਹਨਾਂ ਨੂੰ ਇਸ ਅਹਿਮ ਅਹੁਦੇ ਨਾਲ ਨਿਵਾਜਿਆ ਹੈ।ਇਸ ਨਿਯੁਕਤੀ ਨਾਲ ਜਿੱਥੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰ-ਪ੍ਰਸਾਰ ਵਿੱਚ ਹੋਰ ਤੇਜ਼ੀ ਆਉਣ ਦੀ ਉਮੀਦ ਹੈ, ਉੱਥੇ ਹੀ ਨਵਾਂ ਸ਼ਹਿਰ ਅਤੇ ਬਲਾਚੌਰ ਇਲਾਕੇ ਦੇ ਸਿੱਖ ਹਲਕਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨੇ ਖਾਲਸਾ ਜੀ ਦੀ ਨਿਯੁਕਤੀ ਨੂੰ ਯੋਗਤਾ ਦਾ ਸਨਮਾਨ ਦੱਸਿਆ ਹੈ। ਆਪਣੀ ਇਸ ਨਿਯੁਕਤੀ 'ਤੇ ਗੁਰਬਖਸ਼ ਸਿੰਘ ਖਾਲਸਾ ਨੇ ਸ਼੍ਰੋਮਣੀ ਕਮੇਟੀ ਦੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਵਿਸ਼ਵਾਸ ਦਿਵਾਇਆ ਕਿ ਉਹ ਪੰਥਕ ਕਾਰਜਾਂ ਅਤੇ ਕਮੇਟੀ ਦੇ ਪੱਖ ਨੂੰ ਪੂਰੀ ਦ੍ਰਿੜਤਾ ਅਤੇ ਸੁਲਝੇ ਹੋਏ ਢੰਗ ਨਾਲ ਸੰਗਤਾਂ ਅਤੇ ਮੀਡੀਆ ਸਾਹਮਣੇ ਰੱਖਣਗੇ। ਇੱਕ ਝਾਤ ਗੁਰਬਖਸ਼ ਸਿੰਘ ਖਾਲਸਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜੰਮਪਲ ਹਨ ਅਤੇ ਉਹਨਾਂ ਦਾ ਜੀਵਨ ਇਸੇ ਮਿੱਟੀ ਦੀਆਂ ਪੰਥਕ ਰਵਾਇਤਾਂ ਵਿੱਚ ਗੁਜ਼ਰਿਆ ਹੈ।ਉਹਨਾਂ ਦਾ ਸਾਰਾ ਜੀਵਨ ਸਿੱਖੀ ਪ੍ਰਚਾਰ ਅਤੇ ਪੰਥਕ ਸੇਵਾਵਾਂ ਨੂੰ ਸਮਰਪਿਤ ਰਿਹਾ ਹੈ। ਪੰਥਕ ਮੁੱਦਿਆਂ 'ਤੇ ਡੂੰਘੀ ਪਕੜ ਅਤੇ ਬੇਬਾਕ ਸ਼ਬਦਾਵਲੀ ਉਹਨਾਂ ਦੀ ਪਛਾਣ ਹੈ।ਖਾਲਸਾ ਜੀ ਨੂੰ ਗੁਰਦੁਆਰਾ ਪ੍ਰਬੰਧ ਅਤੇ ਪੰਥਕ ਮਰਯਾਦਾਵਾਂ ਦਾ ਵਿਸ਼ਾਲ ਗਿਆਨ ਹੈ। ਇਸ ਤੋਂ ਪਹਿਲਾਂ ਵੀ ਉਹ ਸ਼੍ਰੋਮਣੀ ਕਮੇਟੀ ਵਿੱਚ ਉਪ ਪ੍ਰਧਾਨ ਵਰਗੇ ਉੱਚ ਅਤੇ ਜ਼ਿੰਮੇਵਾਰ ਅਹੁਦਿਆਂ 'ਤੇ ਰਹਿ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਚੁੱਕੇ ਹਨ।ਮੀਡੀਆ ਨਾਲ ਵਧੀਆ ਤਾਲਮੇਲ ਅਤੇ ਮਿੱਠੇ ਸੁਭਾਅ ਦੇ ਨਾਲ-ਨਾਲ ਸੱਚ ਕਹਿਣ ਦੀ ਜੁਰਅਤ ਸਦਕਾ ਉਹਨਾਂ ਨੂੰ ਮੌਜੂਦਾ ਸਮੇਂ ਵਿੱਚ 'ਬੁਲਾਰੇ' ਵਜੋਂ ਅਹਿਮ ਸੇਵਾ ਸੌਂਪੀ ਗਈ ਹੈ, ਤਾਂ ਜੋ ਸ਼੍ਰੋਮਣੀ ਕਮੇਟੀ ਦੇ ਅਕਸ ਅਤੇ ਪੱਖ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ।

ਸਮਾਜ ਵੀਕਲੀ ਨਿਊਜ਼

# ਹਰਬੰਸ ਲਾਲ ਵਿਰਦੀ ਜੀ ਦੀ ਧਰਮਪਤਨੀ ਸਵਿੱਤਰੀ ਦੇਵੀ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ



**ਬੰਗਾ( ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਪਿੰਡ ਪੱਦੀਮਟਵਾਲੀ ਦੇ ਬਸਪਾ ਆਗੂ ਹਰਬੰਸ ਲਾਲ ਵਿਰਦੀ ਜੀ ਦੀ ਧਰਮਪਤਨੀ ਸਵਿੱਤਰੀ ਦੇਵੀ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ। ਅੱਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਪਾਠੀ ਸਿੰਘਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਰਾਗੀ ਜੱਥੇ ਨੇ ਵਿਰਾਗ ਮਈ ਕੀਰਤਨ ਕੀਤਾ। ਹਰਬੰਸ ਲਾਲ ਵਿਰਦੀ ਬਸਪਾ ਦੇ ਸਿਰੜੀ ਵਰਕਰਾਂ ਵਿਚੋਂ ਇੱਕ ਹਨ ਅੱਜ ਪੱਦੀਮਟਵਾਲੀ ਵਿਖੇ ਅੰਤਿਮ ਅਰਦਾਸ ਵਿੱਚ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਇੰਚਾਰਜ ਲੋਕ ਸਭਾ ਹਲਕਾ ਅੰਨਦਪੁਰ ਸਾਹਿਬ ਸ਼ਾਮਿਲ ਹੋਏ ਤੇ ਵਿਰਦੀ ਪਰਿਵਾਰ ਨਾਲ ਬੰਗਾ ਹਲਕੇ ਦੀ ਬਸਪਾ ਲੀਡਰਸ਼ਿਪ ਵਲੋਂ ਦੁੱਖ ਸਾਂਝਾ ਕੀਤਾ ਇਸ ਮੋਕੇ ਤੇ ਸੂਫੀ ਦਰਬਾਰ ਪੰਜਾਬ ਦੇ ਚੇਅਰਮੈਨ ਸਾਈਂ ਪੱਪਲ ਸ਼ਾਹ ਜੀ ਰਿਟਾਇਰ ਆਈ ਈ ਐਸ ਸ੍ਰੀ ਬੀ ਡੀ ਵਿਰਦੀ ਜੀ ਬਸਪਾ ਆਗੂ ਪਰਦੀਪ ਜੱਸੀ ਪਾਖਰ ਸਿੰਘ ਸੈਣੀ ਸੁਖਵਿੰਦਰ ਕੁਮਾਰ ਬਿਛੂ ਖੇੜਾ ਜਸਵਿੰਦਰ ਸਿੰਘ ਟਰੈਫਿਕ ਇੰਚਾਰਜ ਬੰਗਾ ਬਲਿਹਾਰ ਵਿਰਦੀ ਆਸਾ ਰਾਣੀ ਰਮਨ ਬਿਟੂ ਚਕ ਕਲਾਲ ਹਰਮੇਸ਼ ਵਿਰਦੀ

ਸਮਾਜ ਵੀਕਲੀ ਨਿਊਜ਼

# ਭਾਰਤ ਵਿਕਾਸ ਪਰਿਸ਼ਦ ਬਲਾਚੌਰ ਦੀ ਨਵੀਂ ਟੀਮ ਦਾ ਗਠਨ: ਰਨਦੀਪ ਕੌਸ਼ਲ ਬਣੇ ਪ੍ਰਧਾਨ

**ਨਵਾਂਸ਼ਹਿਰ /ਬਲਾਚੌਰ, 29 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਵਿਕਾਸ ਪਰਿਸ਼ਦ ਸ਼ਾਖਾ ਬਲਾਚੌਰ ਦੀ ਇੱਕ ਅਹਿਮ ਮੀਟਿੰਗ ਸਥਾਨਕ 'ਹੋਟ ਐਂਡ ਸਪਾਈਸੀ' ਹੋਟਲ ਵਿਖੇ ਸੰਪੰਨ ਹੋਈ। ਇਸ ਮੀਟਿੰਗ ਵਿੱਚ ਆਉਣ ਵਾਲੇ ਦੋ ਸਾਲਾਂ ਦੇ ਕਾਰਜਕਾਲ ਲਈ ਨਵੀਂ ਕਾਰਜਕਾਰਨੀ ਟੀਮ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਮੀਟਿੰਗ ਦੌਰਾਨ ਮੈਂਬਰਾਂ ਨੇ ਪਿਛਲੇ ਸਮੇਂ ਵਿੱਚ ਕੀਤੇ ਗਏ ਸਮਾਜ ਸੇਵੀ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਭਵਿੱਖ ਵਿੱਚ ਸਮਾਜਿਕ ਸਰੋਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।ਨਵੀਂ ਟੀਮ ਵਿੱਚ ਹੇਠ ਲਿਖੇ ਅਹੁਦੇਦਾਰਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਪੈਟਰਨ ਐਡਵੋਕੇਟ ਪੁਸ਼ਪ ਰਾਣਾ,ਪ੍ਰਧਾਨ ਰਨਦੀਪ ਕੌਸ਼ਲ,ਉਪ ਪ੍ਰਧਾਨ ਹਰਵਿੰਦਰ ਪਾਲ ਸਿੰਘ,ਜਨਰਲ ਸਕੱਤਰ ਸੁਨੀਲ ਸ਼ਰਮਾ,ਜੋਇੰਟ ਸਕੱਤਰ ਮੈਡਮ ਪੁਸ਼ਪਾ ਵਿਆਸ,ਖਜਾਨਚੀ ਅਸ਼ਵਨੀ ਬਾਗੜੀ,ਉਪ ਖਜਾਨਚੀ ਮਿਥਲੇਸ਼ ਸੋਨੀ,ਪ੍ਰੈਸ ਸਕੱਤਰ ਦੀਦਾਰ ਸਿੰਘ,ਪਰਿਸ਼ਦ ਦੇ ਪੰਜ ਮੂਲ ਸੂਤਰਾਂ ਦੇ ਇੰਚਾਰਜ,ਪਰਿਸ਼ਦ ਦੇ ਪੰਜ ਮੂਲ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਵਿਸ਼ੇਸ਼ ਨਿਯੁਕਤੀਆਂ ਕੀਤੀਆਂ ਗਈਆਂ



ਸੰਪਰਕ ਗਗਨਦੀਪ ਸਿੰਘ,ਸਹਿਯੋਗ: ਕੈਪਟਨ ਭਗਤ ਰਾਮ,ਸੰਸਕਾਰ: ਰਾਣਾ ਸੁਭਾਸ਼ ਚੰਦ,ਸੇਵਾ: ਵਿਸ਼ਾਲ ਰਾਣਾ ਅਤੇ ਸੁਰਿੰਦਰ ਪਨੇਸਰ,ਸਮਰਪਣ ਪਰਮਜੀਤ ਸਿੰਘ ਅਤੇ ਸੂਬੇਦਾਰ ਯਸਪਾਲ ਸਿੰਘ,ਵਿਸ਼ੇਸ਼ ਪ੍ਰੋਜੈਕਟ ਅਤੇ ਵਿੰਗ ਇੰਚਾਰਜ,ਮਹਿਲਾ ਪ੍ਰਮੁੱਖ ਮੈਡਮ ਅਰੁਣਾ ਪਾਠਕ ਵਾਤਾਵਰਣ ਵਿਜੇ ਰਾਣਾ,ਭਾਰਤ ਕੋ ਜਾਨੋ ਪ੍ਰੋਗਰਾਮ ਹਰਵਿੰਦਰ ਪਾਲ ਸਿੰਘ ਅਤੇ ਅਰਵਿੰਦ ਖਟਾਨਾ,ਗੁਰੂ ਬੰਦਨ ਛਾਤਰ ਅਭਿਨੰਦਨ: ਸੁਨੀਲ ਸ਼ਰਮਾ ਅਤੇ ਪੰਕਜ ਸਿਆਲ,ਨੈਸ਼ਨਲ ਗਰੁੱਪ ਸੌਂਗ ਕੰਪੀਟੀਸ਼ਨ: ਮੈਡਮ ਪੁਸ਼ਪਾ ਵਿਆਸ ਬਲੱਡ ਡੋਨੇਸ਼ਨ ਕੈਂਪ: ਡਾਕਟਰ ਸਤਨਾਮ ਪਨੇਸਰ ਅਤੇ ਡਾਕਟਰ ਸੁਨੀਲ ਪਾਠਕ ਇਸ ਮੌਕੇ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚ ਚੰਦਰੇਸ਼ ਸ਼ੋਰੀ, ਲਲਿਤ ਕੌਸ਼ਲ, ਮੈਡਮ ਰਚਨਾ ਅਨੰਦ, ਅਮਿਤ ਰਾਣਾ (ਮੰਗਾ) ਅਸ਼ੀਸ਼ ਗੁਲਾਟੀ, ਭੰਵਰ ਰਾਣਾ, ਭੁਪਿੰਦਰ ਸਿੰਘ, ਰਿਟਾਇਰਡ ਬ੍ਰਿਗੇਡੀਅਰ ਰਾਜਕੁਮਾਰ, ਦਵਿੰਦਰ ਕੁਮਾਰ, ਡਾਕਟਰ ਰੇਸ਼ਮ ਮਹਿਮੀ, ਹਰੀਸ਼ ਰਾਣਾ, ਜਗਦੀਪ ਰਾਣਾ, ਜਗਦੀਸ਼ ਕਪਿਲ, ਜੰਗ ਪਰਮਿੰਦਰ ਸਿੰਘ, ਜਸਵੀਰ ਪਾਲ ਸਿੰਘ, ਰਕੇਸ਼ ਰਾਣਾ, ਰਿਟਾਇਰਡ ਲੈਕਚਰਾਰ ਕ੍ਰਿਸ਼ਨ ਸਿੰਘ, ਮਾਸਟਰ ਸੰਦੀਪ ਸਿੰਘ, ਲਾਲ ਟੇਲਰ, ਰਾਜੇਸ਼ਵਰ ਜਸਵਾਲ, ਮੋਹਨ ਅਗਨੀਹੋਤਰੀ, ਨਰਿੰਦਰ ਨਾਥ ਸੂਦਨ, ਨਿਤਿਨ ਜੈਨ, ਉਪਿੰਦਰ ਸਿੰਘ ਯੂਐਸਏ, ਪੰਕਜ ਸਿਆਲ, ਡਾਕਟਰ ਪਰਮਜੀਤ ਕੋਹਲੀ, ਮਾਸਟਰ ਰਕੇਸ਼ ਕੁਮਾਰ, ਰਸ਼ਪਾਲ ਸਿੰਘ, ਰੋਹਿਤ ਬਾਦਲ, ਪੁਸ਼ਪਿੰਦਰ ਰਾਣਾ, ਸੰਦੀਪ ਰਾਣਾ (ਸਨੀ) ਟੇਕਰਾਮ, ਵਰਿੰਦਰ ਭਾਰਦਵਾਜ, ਡਾ. ਅਯੁੱਧਿਆ ਪ੍ਰਸ਼ਾਦ, ਮਨੀਸ਼ ਰਾਣਾ, ਐਡਵੋਕੇਟ ਉਮਾ ਸ਼ੰਕਰ, ਵਿਜੇ ਭਾਟੀਆ, ਜਵਾਹਰ ਕੁਮਾਰ ਅਤੇ ਸਤਵਿੰਦਰ ਸਿੰਘ ਸ਼ਾਮਲ ਸਨ।ਨਵੀਂ ਚੁਣੀ ਗਈ ਟੀਮ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਉਣ ਵਾਲੇ ਸਮੇਂ ਵਿੱਚ ਸਮਾਜ ਭਲਾਈ ਅਤੇ ਇਲਾਕੇ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਛੱਡਣਗੇ।

# ਸ਼ਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬਲਾਕ ਬੰਗਾ ਦਾ ਪਿੰਡ ਖਟਕੜ ਕਲਾਂ ਤੋਂ ਆਗਾਜ਼

## ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਮੱਦਦ ਕਰਾਂਗਾ: ਕਿਰਪਾਲ ਸਿੰਘ ਝੱਲੀ

**ਚਰਨਜੀਤ ਸੱਲ੍ਹਾਂ ।** ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਅੱਜ਼ ਸ਼ਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬਲਾਕ ਬੰਗਾ ਦਾ ਆਗਾਜ਼ ਉਹਨਾਂ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਨੇਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਉਂਡੇਸ਼ਨ ਖਟਕੜ ਕਲਾਂ ਵਿਖੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਤੋ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਹੁਸ਼ਿਆਰਪੁਰ ਤਰਸੇਮ ਲਾਲ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬਲਾਕ ਬੰਗਾ ਦਾ ਗਠਨ ਨੇਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਵਲੋਂ ਕੀਤਾ ਗਿਆ ਹੈ ਤਾਂ ਜੋਂ ਸ਼ਹੀਦ ਭਗਤ ਸਿੰਘ ਨਗਰ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਖੇਡਾਂ ਨਾਲ ਜੁੜੇ।ਇਸ ਮੌਕੇ ਰਿਟਾਇਰਡ ਜ਼ਿਲ੍ਹਾ ਸਮੂਹ



ਸਿੱਖਿਆ ਤੇ ਸੂਚਨਾ ਅਫ਼ਸਰ ਕਿਰਪਾਲ ਸਿੰਘ ਝੱਲੀ ਮੁੱਖ ਮਹਿਮਾਨ ਰਹੇ ਉਨਾ ਵਲੋਂ ਕਲੱਬ ਨੂੰ 7500 ਰੁਪਏ ਦੀ ਸਹਾਇਤਾ ਦਿੱਤੀ ਗਈ। ਅੱਜ ਦੇ ਮੁੱਖ ਮਹਿਮਾਨ ਕਿਰਪਾਲ ਸਿੰਘ ਝੱਲੀ ਨੇਂ ਕਿਹਾਂ ਕਿ ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਸਾਡੇ ਬੰਗਾ ਬਲਾਕ ਲੀਜੈਂਡਸ ਦੀ ਵੀ ਫੁੱਟਬਾਲ ਕਲੱਬ ਬਣੀਂ।ਮੇਰੀ ਵੀ ਕਾਫੀ ਸਮੇਂ ਤੋਂ ਦਿਲੀ ਇੱਛਾ ਸੀ ਕਿ ਮੈਂ ਰਿਟਾਇਰਡ ਹੋਣ ਤੋਂ ਬਾਅਦ ਇੱਕ ਫੁੱਟਬਾਲ ਕਲੱਬ ਬਣਾਵਾਂ ਤੇ ਮੇਰੀ ਇਸ ਦਿਲੀ ਇੱਛਾ ਤੇ ਨੈਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਜੀ ਨੇ ਫੁੱਲ ਚੜਾਏ ਹਨ ਤੇ ਸਾਡੇ ਹੀਰੋ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਸਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬਲਾਕ ਬੰਗਾ ਦੀ ਸ਼ੁਰੂਆਤ ਹੋਈ ਹੈ।ਇਸ ਕਲੱਬ ਦੇ ਸਮੂਹ ਖਿਡਾਰੀ ਇਸ ਵਧੀਆ ਸੋਚ ਲਈ ਵਧਾਈ ਦੇ ਪਾਤਰ ਹਨ। ਮੈਂ ਕਲੱਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਮੈਂ



ਇਸ ਕਲੱਬ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਾਂ ਗਾ ਇਸ ਮੌਕੇ ਗਿਆਨ ਚੰਦ ਪਾਠਕ ਨੇ ਕਿਹਾ ਕਿ ਅੱਜ਼ ਸ਼ਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬੰਗਾ ਬਲਾਕ ਦੀ ਪਹਿਲੀ ਮੀਟਿੰਗ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਇਸ ਕਰਕੇ ਕੀਤੀ ਗਈ ਹੈ ਕਿਉਂਕਿ ਸਾਡੀ ਕਲੱਬ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਆਸ਼ੀਰਵਾਦ ਲੈ ਕੇ ਉਹਨਾਂ ਦੇ ਲਏ ਹੋਏ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਂਗੀ।

ਇਸ ਮੌਕੇ ਮੁੱਖ ਮਹਿਮਾਨ ਵਲੋਂ ਕਲੱਬ ਦੀ ਜਰਸੀ ਜਾਰੀ ਕੀਤੀ ਗਈ । ਕਲੱਬ ਦੇ ਸਮੂਹ ਖਿਡਾਰੀਆਂ ਵਲੋਂ ਜਿੱਥੇ ਮੁੱਖ ਮਹਿਮਾਨ ਕਿਰਪਾਲ ਸਿੰਘ ਝੱਲੀ ਨੂੰ ਕਲੱਬ ਦੀ ਜਰਸੀ ਨਾਲ ਸਨਮਾਨਿਤ ਕੀਤਾ ਗਿਆ ਉੱਥੇ ਉਨ੍ਹਾਂ ਦਾ ਇੱਥੇ ਪਹੁੰਚਣ ਤੇ ਧੰਨਵਾਦ ਵੀ ਕੀਤਾ ਗਿਆ।

ਇਸ ਮੌਕੇ ਪ੍ਰੋਫੈਸਰ ਸਰਬਜੀਤ ਸਿੰਘ ਨੇਂ ਦੱਸਿਆ ਕਿ ਉਹ ਕਾਫ਼ੀ ਸਮੇਂ ਤੋਂ ਫੁੱਟਬਾਲ ਨਾਲ਼ ਜੁੜੇ ਹਨ ਜਿਸ ਦਾ ਵਰਨਣ ਉਹਨਾਂ ਨੇ ਆਪਣੀ ਕਿਤਾਬ ਫੁੱਟਬਾਲ ਦੇਂ ਅੰਗ-ਸੰਗ (ਸਵੈਜੀਵਨੀ) ਵਿੱਚ ਕੀਤਾ ਹੈ। ਉਹਨਾਂ ਦੀਆਂ ਦਿਲੀ ਭਾਵਨਾਵਾਂ ਬੰਗਾ ਬਲਾਕ ਫੁੱਟਬਾਲ ਕਲੱਬਾਂ ਨਾਲ ਜੁੜੀਆ ਹਨ ਤੇ ਉਹ ਬਹੁਤ ਸਾਰੀਆਂ ਸਮਾਜ ਸੈਵੀ ਸੰਸਥਾਵਾਂ ਨਾਲ਼ ਵੀ ਜੁੜੇ ਹੋਏ ਹਨ। ਇਸ ਕਲੱਬ ਦੇ ਆਗਾਜ਼ ਨਾਲ ਉਹਨਾਂ ਨੂੰ ਬਹੁਤ ਖੁਸ਼ੀ ਹੋਈ ਹੈ ਜਿੱਥੇ ਉਹ ਇਸ ਕਲੱਬ ਵਿੱਚ ਖੇਡਣ ਗੇ ਉੱਥੇ ਇਸ ਨੂੰ ਉਚਾਈਆਂ ਤੇ ਪਹੁਚਾਉਣ ਲਈ ਹਰ ਸੰਭਵ ਯਤਨ ਕਰਨਗੇ।ਪ੍ਰੋਫੈਸਰ ਸਰਬਜੀਤ ਸਿੰਘ ਵਲੋਂ ਵੀ ਆਪਣੀ ਕਿਤਾਬ ਫੁੱਟਬਾਲ ਦੇਂ ਅੰਗ-ਸੰਗ ਨਾਲ਼ ਮੁੱਖ ਮਹਿਮਾਨ ਅਤੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੈਲੀ ਮੋਰਨਿੰਗ ਫੁੱਟਬਾਲ ਕਲੱਬ ਦੇ ਸੈਕਟਰੀ ਅਜੇ ਸਰੀਨ,ਅਵਤਾਰ ਸਿੰਘ ਦੋਲਤ ਪੂਰ,ਮਾਸਟਰ ਅਮਰਜੀਤ ਸਿੰਘ, ਜਸਵੀਰ ਸਿੰਘ ਨੌਰਾ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ,ਸਿੰਦਾ ਸਿੰਘ, ਵਿਪਨ ਰਾਣਾ ਸੈਖੂਪੁਰ, ਗੁਰਨਾਮ ਸਿੰਘ ਗਾਮਾ ਆਦਿ ਵਲੋਂ ਸਪੂਰਨ ਸਹਿਯੋਗ ਦਿੱਤਾ ਗਿਆ।

# ਪਿੰਡ ਮੋਰੋਂ ਵਿਖੇ ਲੱਗੇ ਅੱਖਾਂ ਦੇ ਮੁਫ਼ਤ ਕੈਂਪ ਦੌਰਾਨ 325 ਮਰੀਜ਼ਾਂ ਦਾ ਹੋਇਆ ਮੁਆਇਨਾਂ, 20 ਮਰੀਜ਼ਾਂ ਦੇ ਪਾਏ ਜਾਣਗੇ ਲੈਂਜ਼

**ਬੰਗਾ( ਚਰਨਜੀਤ ਸੱਲ੍ਹਾਂ )** ਪ੍ਰਵਾਸੀ ਸਮਾਜ ਸੇਵੀ ਪਰਮਜੀਤ ਸਿੰਘ ਰਾਏ ਯੂ. ਐਸ.ਏ., ਗੁਰਮੁਖ ਸਿੰਘ ਰਾਏ ,ਬਲਦੇਵ ਸਿੰਘ ਰਾਏ, ਨਿਰਮਲ ਸਿੰਘ ਰਾਏ ਹੋਰਾਂ ਵੱਲੋਂ ਆਪਣੇ ਬਜੁਰਗਾਂ ਦੀ ਯਾਦ ਵਿੱਚ ਗੁਰੂਦਵਾਰਾ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਮੋਰੋਂ ਵਿਖੇ ਨਰਿੰਦਰ ਬੰਗਾ ਸਾਬਕਾ ਟੈਕਨੀਕਲ ਡਾਇਰੈਕਟਰ ਦੂਰਦਰਸ਼ਨ ਜਲੰਧਰ ਤੇ ਇੰਜ. ਜਸਵੀਰ ਸਿੰਘ ਮੋਰੋਂ ਦੀ ਪ੍ਰੇਰਨਾਂ ਅਤੇ ਦੇਖ ਰੇਖ ਵਿੱਚ ਅੱਖਾਂ ਦਾ ਮੁਫ਼ਤ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸਰਦਾਰ ਬਲਦੇਵ ਸਿੰਘ ਰਾਏ ਤੇ ਹੋਰਾਂ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਕੈਂਪ ਵਿੱਚ ਲੰਗਰ ਦੀ ਸੇਵਾ ਸਰਦਾਰ ਅਜੀਤ ਸਿੰਘ, ਮਰੀਜਾਂ ਨੂੰ ਹਸਪਤਾਲ ਲਿਜਾਣ ਤੇ ਲਿਆਉਣ ਦੀ ਸੇਵਾ ਸੁਰਿੰਦਰ ਸਿੰਘ ਢੀਂਡਸਾ ਤੇ ਸੋਧੀਆਂ ਪਰਿਵਾਰ ਵਲੋਂ ਕੀਤੀ ਗਈ ਲ ਕੈਂਪ ਵਿੱਚ ਸਰਪੰਚ ਹਰਦੀਪ ਸਿੰਘ, ਕੁਲਵੰਤ ਸਿੰਘ, ਰਜਿੰਦਰ ਕੁਮਾਰ, ਧਰਮ ਸਿੰਘ, ਹਰਦਿਆਲ ਸਿੰਘ, ਜਸਵੰਤ ਸਿੰਘ, ਹਰਦੀਪ ਸਿੰਘ,ਪਰਮਜੀਤ ਕੌਰ,ਹਰਬੰਸ ਸਿੰਘ ਤੇ ਨਗਰ ਨਿਵਾਸੀ



**ਕੈਂਪ ਦਾ ਉਦਘਾਟਨ ਕਰਦੇ ਹੋਏ ਬਲਦੇਵ ਸਿੰਘ, ਨਰਿੰਦਰ ਬੰਗਾ,ਡਾ.ਚਰਨਜੀਤ ਸਿੰਘ, ਜਸਵੀਰ ਮੋਰੋਂ, ਹਰਦੀਪ ਸਿੰਘ ਤੇ ਹੋਰ ।**

ਤੇ ਇਲਾਕਾ ਨਿਵਾਸੀ ਸ਼ਾਮਿਲ ਹੋਏ। ਅਰੋੜਾ ਹਸਪਤਾਲ ਜਲੰਧਰ ਤੋਂ ਡਾਕਟਰ ਚਰਨਜੀਤ ਸਿੰਘ ਤੇ ਉਨਾਂ ਦੀ ਟੀਮ ਵੱਲੋਂ ਮਰੀਜ਼ਾਂ ਦਾ ਮੁਆਇਨਾਂ ਕੀਤਾ ਗਿਆ। ਅੱਖਾਂ ਦੇ ਲਗਾਏ ਗਏ ਇਸ ਮੁਫ਼ਤ ਕੈਂਪ ਦੇ ਵਿੱਚ 325 ਦੇ ਕਰੀਬ ਮਰੀਜ਼ਾਂ ਦਾ ਮੁਆਇਨਾਂ ਹੋਇਆ ਜਿਨ੍ਹਾਂ ਨੂੰ ਦਵਾਈਆਂ ਤੇ ਐਨਕਾਂ ਮੁਫ਼ਤ ਦਿੱਤੀਆਂ ਗਈਆਂ। 20 ਮਰੀਜ਼ਾਂ ਨੂੰ ਆਪਰੇਸ਼ਨ ਲਈ ਚੁਣਿਆ ਗਿਆ, ਜਿਨਾਂ ਦੇ ਅੱਖਾਂ ਵਿੱਚ ਲੈਂਜ਼ ਪਾਏ ਜਾਣਗੇ,ਜੋ ਕਿ ਮੁਫ਼ਤ ਹੋਣਗੇ ਅਤੇ ਮੁਫ਼ਤ ਹੀ ਦਵਾਈਆਂ ਦਿੱਤੀਆਂ ਜਾਣਗੀਆਂ ਲ ਇਸ ਮੌਕੇ ਵਿਵੇਕ ਵਿਕਾਸ ਲਹਿਰ ਪੰਜਾਬ ਦੇ ਮੁੱਖ ਪ੍ਰਬੰਧਕ ਇੰਜ. ਜਸਵੀਰ ਸਿੰਘ ਮੋਰੋਂ ਵਲੋਂ ਮਰੀਜ਼ਾਂ ਤੇ ਹੋਰਨਾਂ ਨੂੰ ਸਾਹਤਿਕ ਕਿਤਾਬਾਂ ਵੰਡੀਆਂ ਗਈਆਂ ਲ ਉੱਘੇ ਸਮਾਜ ਸੇਵੀ ਨਰਿੰਦਰ ਬੰਗਾ ਵਲੋਂ ਸਮੂਹ ਸਹਿਯੋਗੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਭ ਦੇ ਸਹਿਯੋਗ ਨਾਲ ਇਹ ਕੈਂਪ ਸਫਲ ਹੋਇਆ ਹੈ ਲ ਨਾਮਧਾਰੀ ਬਲਦੇਵ ਸਿੰਘ ਮੋਰੋਂ ਤੇ ਸਮੂਹ ਪਰਿਵਾਰ ਵੱਲੋਂ ਡਾਕਟਰ ਚਰਨਜੀਤ ਸਿੰਘ ਤੇ ਸਟਾਫ਼,ਉੱਘੇ ਸਮਾਜ ਸੇਵੀ ਜੋੜੇ ਇੰਜੀ. ਨਰਿੰਦਰ ਬੰਗਾ, ਕਮਲਜੀਤ ਬੰਗਾ ਤੇ ਹੋਰਨਾਂ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਗੁਰੂ ਦਾ ਲੰਗਰ ਸੰਗਤਾਂ ਵਿੱਚ ਅਤੁੱਟ ਵਰਤਿਆ।

# ਮਾਨਯੋਗ ਸਿਹਤ ਮੰਤਰੀ ਡਾ ਬਲਵੀਰ ਸਿੰਘ ਵੱਲੋਂ ਦਸ ਲੱਖ ਦਾ ਕਾਰਡ ਅਤੇ ਸਿਹਤ ਸਹੂਲਤਾਂ ਦਾ ਬੰਗਾ ਸ਼ਹਿਰ ਦਾ ਜਾਇਜ਼ਾ ਲਿਆ

**ਬੰਗਾ (ਚਰਨਜੀਤ ਸੱਲ੍ਹਾਂ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਸ਼ਹਿਰ ਵਿੱਚ ਮਾਨਯੋਗ ਬਲਵੀਰ ਸਿੰਘ ਸਿਹਤ ਮੰਤਰੀ ਨੇ ਅਚਾਨਕ ਮੁੱਖ ਮੰਤਰੀ ਸਿਹਤ ਯੋਜਨਾ ਦਸ ਲੱਖ ਕਾਰਡ ਬਣਾਉਣ ਦਾ ਕੰਮ ਚੈਕ ਕੀਤਾ ਗਿਆ। ਬੰਗਾ ਸ਼ਹਿਰ ਵਿਚੋਂ ਮਿਸਟਰ ਕੁਲਦੀਪ ਕੁਮਾਰ ਵੀ ਐਲ ਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਰੋਡ ਦਾ ਕੰਮ ਚੈਕ ਕੀਤਾ ਜੋਂ ਤਸੱਲੀ ਬਖਸ਼ ਸੀ। ਉਹਨਾਂ ਨੂੰ ਦਸ ਲੱਖ ਵਾਲੇ ਕਾਰਡ ਐਮ ਐਮ , ਐਸ ਵਾਈ



ਕਾਰਡ ਬਣਾਉਣ ਵਿੱਚ ਹੋਰ ਤੇਜ਼ੀ ਲਿਆਉਣ ਲਈ ਕਿਹਾ ਗਿਆ । ਘਰ ਘਰ ਜਾ ਕੇ ਸਿਹਤ ਮੰਤਰੀ ਨੇ ਸਮੱਸਿਆਵਾਂ ਸੁਣੀਆਂ , ਇਸ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਡਾ



ਗੁਰਿੰਦਰਜੀਤ ਸਿੰਘ ਨੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ, ਸਿਹਤ ਸਬੰਧੀ ਜਾਣਕਾਰੀ ਦਿੱਤੀ ਅਤੇ ਆਸ ਦਿਵਾਈ ਕਿ ਅਸੀਂ ਅੱਗੇ ਤੋਂ ਹੋਰ ਵੀ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਾਂਗੇ। ਇਸ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡੀ ਐਮ ਸੀ ਡਾ ਹਰਪ੍ਰੀਤ ਸਿੰਘ,ਐਸ ਐਮ ਓ ਨਵਾਂਸ਼ਹਿਰ,ਡਾ ਸਤਵਿੰਦਰ ਕੁਮਾਰ,ਡਾ ਜਸਵਿੰਦਰ ਸਿੰਘ ਸੀ ਐਸ ਸੀ ਬੰਗਾ,ਡਾ ਚਰਨਜੀਤ ਸਿੰਘ ਸੁੱਜੋਂ,ਡਾ ਬਲਜਿੰਦਰ ਕੁਮਾਰ, ਮਨਜੀਤ ਕੌਰ ਹੈਲਥ ਸੁਪਰਵਾਈਜਰ ਫੀਮੇਲ, ਮਿਸਟਰ ਰਾਮੇਸ਼ ਲਾਲ ਐਲ ਟੀ, ਨਰਸਿੰਗ ਸਿਸਟਰ, ਨਵਦੀਪ ਕੌਰ , ਆਸ਼ਾ ਵਰਕਰ ਅਤੇ ਸ਼ਹਿਰ ਨਿਵਾਸੀ ਸ਼ਾਮਲ ਹੋਏ।

# ਹੁਕਮ ਚੰਦ ਦੀ ਨਿਮਰਤਾ ਨਵੀਂ ਪੀੜ੍ਹੀ ਦਾ ਸਦੀਵੀਂ ਮਾਰਗ ਦਰਸ਼ਨ ਕਰਦੀ ਰਹੇਗੀ













**ਬੰਗਾ ( ਚਰਨਜੀਤ ਸੱਲ੍ਹਾਂ )** ਪਿਛਲੇ ਦਿਨੀ ਸੜਕ ਹਾਦਸੇ 'ਚ ਮਾਰੇ ਗਏ ਪੁਲਿਸ ਮੁਲਾਜ਼ਮ ਹੁਕਮ ਚੰਦ ਦੀ ਅੰਤਿਮ ਅਰਦਾਸ ਤੇ ਬੋਲਦਿਆਂ ਪੁਲਿਸ ਵਿਭਾਗ ਨਵਾਂ ਸ਼ਹਿਰ ਅਤੇ ਬੰਗਾ ਦੇ ਅਧਿਕਾਰੀਆਂ ਸਮੇਤ ਵੱਖ ਵੱਖ ਰਾਜਸੀ ਆਗੂਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਐੱਸ ਪੀ ਡੀ ਨਵਾਂ ਸ਼ਹਿਰ ਨਾਲ਼ ਸੇਵਾਵਾਂ ਨਿਭਾ ਰਹੇ ਹੁਕਮ ਚੰਦ ਨਿਮਰਤਾ ਅਤੇ ਕੰਮ ਲਈ ਸਮਰਪਣ ਵਜੋਂ ਪਹਿਚਾਣੇ ਜਾਂਦੇ ਸਨ।

ਬੰਗਾ ਪੁਲਿਸ ਕਲੋਨੀ ਵਾਸੀ ਹੁਕਮ ਚੰਦ ਨੂੰ ਸ਼ਰਧਾ ਸੁਮਨ ਭੇਂਟ ਕਰਦਿਆਂ ਡੀ ਐੱਸ ਪੀ ਨਵਾਂ ਸ਼ਹਿਰ ਜਸਪ੍ਰੀਤ ਸਿੰਘ ਹੋਰਾਂ ਦੱਸਿਆ ਕਿ ਇਹਨਾਂ ਦੀ ਨਿਮ-ਰਤਾ ਆਉਣ ਵਾਲ਼ੀ ਪੀੜ੍ਹੀ ਦਾ ਸਦੀਵੀਂ ਮਾਰਗ ਦਰਸ਼ਨ ਕਰਦੀ ਰਹੇਗੀ। ਬੰਗਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਆਮ ਆਦਮੀਂ ਪਾਰਟੀ ਦੇ ਆਗੂ ਮੈਡਮ ਹਰਜੋਤ ਕੌਰ ਲੋਹਟੀਆ, ਕੁਲਜੀਤ ਸਰਹਾਲ, ਬਲਵੀਰ ਕਰਨਾਣਾ, ਕਾਂਗਰਸ ਆਗੂ ਮੈਡਮ ਮੀਨਾ ਸੂੰਢ, ਸਤਵੀਰ ਸਿੰਘ ਪੱਲੀ ਝਿੱਕੀ, ਬਹੁਜਨ ਸਮਾਜ ਪਾਰਟੀ ਆਗੂ ਪ੍ਰਵੀਨ ਬੰਗਾ, ਸੀ ਪੀ ਐੱਮ ਆਗੂ ਕਾਮਰੇਡ ਰਾਮ ਸਿੰਘ ਨੂਰਪੁਰੀ, ਅਕਾਲੀ ਆਗੂ ਚੌਧਰੀ ਮੋਹਨ ਲਾਲ ਵੱਲੋਂ ਪਰਿਵਾਰ ਨੂੰ ਪ੍ਰਾਪਤ ਹੋਏ ਸ਼ੋਕ ਸੰਦੇਸ਼ ਰਾਹੀਂ ਸਭ ਆਗੂਆਂ ਨੇ ਹੁਕਮ ਚੰਦ ਜੀ ਪਤਨੀ ਸ੍ਰੀਮਤੀ ਸ਼ੀਲਾ ਅਤੇ ਇਕਲੌਤੀ ਬੇਟੀ ਕੁਮਾਰੀ ਸਨੇਹਾ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾਂ ਕੀਤਾ ਅਤੇ ਸਹਿਯੋਗ ਕਰਦੇ ਰਹਿਣ ਦਾ ਭਰੋਸਾ ਦਵਾਇਆ। ਉਪਰੋਕਤ ਤੋਂ ਇਲਾਵਾ ਸਰਧਾਂਜਲੀ ਸਮਾਗਮ ਨੂੰ ਪੰਜਾਬੀ ਲੇਖਿਕ ਰਾਜ ਹੀਉਂ, ਕਮੇਟੀ ਪ੍ਰਧਾਨ ਗੁਰਨਾਮ ਰਾਮ ਅਤੇ ਮੁਕੰਦ ਲਾਲ ਬੜਿੰਗ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਭਾਈ ਸੁਖਦੇਵ ਸਿੰਘ ਬੰਗਿਆਂ ਵਾਲਿਆਂ ਵੱਲੋਂ ਵੈਰਾਗ ਮਈ ਕੀਰਤਨ ਕੀਤਾ ਗਿਆ। ਇਸ ਸ਼ੋਕ ਸਮਾਗਮ ਵਿੱਚ ਹੁਕਮ ਚੰਦ ਨਾਲ ਸੇਵਾਵਾਂ ਨਿਭਾ ਰਹੇ ਕਸ਼ਮੀਰ ਸਿੰਘ,ਅਨੂਪ ਸਿੰਘ,ਓਂਕਾਰ ਸਿੰਘ ਅਤੇ ਰਵੀ ਕੁਮਾਰ ਵਿਸ਼ੇਸ਼ ਤੇ ਹਾਜ਼ਰ ਹੋਏ।

# ਕੁਲਵਿੰਦਰ ਕੌਰ ਨੇ ਬਲਾਕ ਸੰਮਤੀ ਬਲਾਕ 2 ਦੀ ਚੇਅਰਪਰਸਨ ਦਾ ਅਹੁਦਾ ਵਿਧਾਇਕ ਦੀ ਹਾਜ਼ਰੀ 'ਚ ਸੰਭਾਲਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਚਾਇਤ ਬਲਾਕ ਕਮੇਟੀ ਦੀ ਨਵ-ਨਿਯੁਕਤ ਚੇਅਰਪਰਸਨ ਕੁਲਵਿੰਦਰ ਕੌਰ ਔਜਲਾ ਨੇ ਅਹੁਦਾ ਸੰਭਾਲ ਲਿਆ ਹੈ। ਉਦਘਾਟਨ ਮੌਕੇ ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ ਵੀ ਮੌਜੂਦ ਸਨ ਅਤੇ ਉਨ੍ਹਾਂ ਨੇ ਕੁਲਵਿੰਦਰ ਕੌਰ ਔਜਲਾ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ। ਡਾ. ਇਸ਼ਾਂਕ ਨੇ ਕਿਹਾ ਕਿ ਪੰਚਾਇਤ ਅਤੇ ਬਲਾਕ ਕਮੇਟੀਆਂ ਲੋਕਤੰਤਰ ਦੇ ਪਹਿਲੇ ਅਤੇ ਸਭ ਤੋਂ ਮਹੱਤਵਪੂਰਨ ਕਦਮ ਹਨ, ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਨਾਲ ਪਾਰਟੀਆਂ ਮਜ਼ਬੂਤ ਹੁੰਦੀਆਂ ਹਨ। ਉਨ੍ਹਾਂ ਕੁਲਵਿੰਦਰ ਕੌਰ ਅਤੇ ਉਨ੍ਹਾਂ ਦੀ ਟੀਮ ਨੂੰ ਇਲਾਕੇ ਦੀ ਬਿਹਤਰੀ ਲਈ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਨਵ-ਨਿਯੁਕਤ ਚੇਅਰਪਰਸਨ ਕੁਲਵਿੰਦਰ ਕੌਰ ਔਜਲਾ ਨੇ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਸਨਮਾਨ ਲਈ ਧੰਨਵਾਦ



ਪ੍ਰਗਟ ਕੀਤਾ ਅਤੇ ਕਿਹਾ ਕਿ ਉਹ ਇਲਾਕੇ ਦੇ ਸੁਧਾਰ ਲਈ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਸੂਬੇਦਾਰ ਸੁਰਜੀਤ ਸਿੰਘ, ਅਵਤਾਰ ਸਿੰਘ, ਪ੍ਰਭਜੀਤ ਸਿੰਘ, ਬਲਜਿੰਦਰ ਸਿੰਘ ਵਿੱਕਾ, ਸੁਖਵੰਤ ਸਿੰਘ, ਕਮਲਜੀਤ ਕੌਰ, ਗੁਰਤੇਜ ਕੌਰ, ਗੁਰਜੀਤ ਕੌਰ, ਸ਼ਿਵ ਹੁਸ਼ਿਆਰਪੁਰ, ਸਰਪੰਚ ਗੋਲਡੀ ਬੱਸੀ ਮੁੱਡਾ ਅਤੇ ਪਾਲਾ ਸਮੇਤ ਬਲਾਕ 2 ਦਫ਼ਤਰ ਦੇ ਸਟਾਫ਼ ਮੈਂਬਰ ਮੌਜੂਦ ਸਨ।

# ਪੰਜਾਬ ਸਰਕਾਰ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ - ਲਲਿਤ ਮੋਹਨ ਪਾਠਕ

**ਆਮ ਆਦਮੀ ਕਲੀਨਿਕਾਂ ਵਿੱਚ ਮਿਲੇਗੀ 47 ਤਰ੍ਹਾਂ ਦੇ ਟੈਸਟ ਅਤੇ 107 ਤਰ੍ਹਾਂ ਦੀਆਂ ਦਵਾਈਆਂ ਦੀ ਮੁਫਤ ਸਹੂਲਤ**



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰੀਨ ਸਿਹਤ ਸਹੂਲਤਾਂ ਘਰ ਦੇ ਨੇੜੇ ਦੇਣ ਦੇ ਮਕਸਦ ਨਾਲ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਤਿੰਨ ਹੋਰ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਨਵੇਂ ਕਲੀਨਿਕ ਮੋਤਾ ਸਿੰਘ ਨਗਰ (ਸਰਕਾਰੀ ਨਸ਼ਾ ਮੁਕਤੀ ਕੇਂਦਰ ਦੇ ਪਿੱਛੇ), ਪੰਡੋਰਾ ਮੁਹੱਲਾ (ਸੇਵਾ ਕੇਂਦਰ ਦੇ ਪਿੱਛੇ) ਅਤੇ ਹਰਗੋਬਿੰਦ ਨਗਰ (ਕੁਲਾਮ ਰੋਡ), ਨਵਾਂਸ਼ਹਿਰ ਵਿੱਚ ਸਥਾਪਿਤ ਕੀਤੇ ਗਏ ਹਨ। ਇਸ ਨਾਲ ਜ਼ਿਲ੍ਹੇ ਵਿੱਚ ਪਹਿਲਾਂ ਤੋਂ ਚੱਲ ਰਹੇ 19 ਕਲੀਨਿਕਾਂ ਸਮੇਤ ਕੁੱਲ ਗਿਣਤੀ 22 ਹੋ ਗਈ ਹੈ। ਸਾਰੇ ਕਲੀਨਿਕ ਆਈ.ਟੀ. ਸਮਰੱਥ ਹਨ ਅਤੇ ਇੱਥੇ ਡਿਜੀਟਲ ਰਜਿਸਟ੍ਰੇਸ਼ਨ, ਡਾਕਟਰੀ ਸਲਾਹ, ਲੈਬ ਟੈਸਟ ਅਤੇ ਦਵਾਈ ਵੰਡ ਆਦਿ ਦੀ ਸਹੂਲਤ ਉਪਲੱਬਧ ਹੈ। ਆਮ ਆਦਮੀ ਪਾਰਟੀ ਦੇ ਹਲਕਾ ਨਵਾਂਸ਼ਹਿਰ ਦੇ ਇੰਚਾਰਜ ਤੇ ਪੰਜਾਬ ਰਾਜ ਉਦਯੋਗਿਕ ਸਿਖਲਾਈ ਬੋਰਡ ਦੇ ਡਿਪਟੀ ਚੇਅਰਮੈਨ ਸ੍ਰੀ ਲਲਿਤ ਮੋਹਨ ਪਾਠਕ ਨੇ ਸ਼ਨਿੱਚਰਵਾਰ ਨੂੰ ਮੋਤਾ ਸਿੰਘ ਨਗਰ ਵਿਖੇ ਨਵੇਂ ਆਮ ਆਦਮੀ ਕਲੀਨਿਕ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਲਲਿਤ ਮੋਹਨ ਪਾਠਕ ਨੇ ਦੱਸਿਆ ਕਿ ਪੰਜਾਬ ਸਰਕਾਰ ਆਮ ਲੋਕਾਂ ਨੂੰ ਬਿਹਤਰ ਸਿਹਤ ਦੇਖਰੇਖ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਦਾ ਮੰਤਵ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁੱਢਲੀਆਂ ਸਿਹਤ ਸਹੂਲਤਾਂ ਪਹੁੰਚਾਉਣਾ ਹੈ। ਸ੍ਰੀ ਪਾਠਕ ਨੇ ਦੱਸਿਆ ਕਿ ਲੋਕਾਂ ਨੂੰ ਬੇਹਤਰੀਨ ਸਿਹਤ ਸਹੂਲਤਾਂ ਦੇ ਕੇ ਸਿਹਤ ਸਹੂਲਤਾਂ ਵਿਚ ਢਾਂਚਾਗਤ ਸੁਧਾਰ ਲੈ ਕੇ ਆਉਣਾ ਪੰਜਾਬ ਸਰਕਾਰ ਦਾ ਇੱਕ ਕ੍ਰਾਂਤੀਕਾਰੀ ਕਦਮ ਹੈ। ਇਨ੍ਹਾਂ ਨਾਲ ਜਿੱਥੇ ਮਰੀਜ਼ਾਂ ਨੂੰ ਹਰ ਤਰ੍ਹਾਂ ਦੀ ਸਿਹਤ ਸਹੂਲਤ ਇੱਕ ਹੀ ਛੱਤ ਹੇਠ ਮਿਲ ਰਹੀ ਹੈ, ਉੱਥੇ ਹੀ ਦੂਸਰੇ ਪਾਸੇ ਵੱਡੇ ਸਰਕਾਰੀ ਹਸਪਤਾਲਾਂ ਵਿੱਚ ਵੀ ਮਰੀਜ਼ਾਂ ਦਾ ਬੋਝ ਘੱਟਿਆ ਹੈ ਅਤੇ ਮਰੀਜ਼ਾਂ ਦੇ ਵੀ ਟਾਈਮ ਦੀ ਬੱਚਤ ਹੋ ਰਹੀ ਹੈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ 47 ਤਰ੍ਹਾਂ ਦੇ ਟੈਸਟ ਅਤੇ 107 ਤਰ੍ਹਾਂ ਦੀਆਂ ਦਵਾਈਆਂ ਮੁਫਤ ਉੱਪਲੱਬਧ ਹੋਣਗੀਆਂ।

# ਪਹਿਲੀ ਅਪ੍ਰੈਲ ਨੂੰ ਸੰਘਰਸ਼ ਦਿਵਸ ਮਨਾਉਣ ਲਈ ਟਰੇਡ ਯੂਨੀਅਨਾਂ ਅਤੇ ਕਿਸਾਨ ਜਥਬੰਦੀਆਂ ਦੀ ਮੀਟਿੰਗ ਹੋਈ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪਹਿਲੀ ਅਪ੍ਰੈਲ ਨੂੰ ਨਵਾਂਸ਼ਹਿਰ ਵਿਖੇ ਜਿਲਾ ਪੱਧਰੀ ਸੰਘਰਸ਼ ਦਿਵਸ ਮਨਾਉਣ ਲਈ ਅੱਜ ਟਰੇਡ ਯੂਨੀਅਨਾਂ, ਕਿਸਾਨ ਜਥੇਬੰਦੀਆਂ, ਖੇਤ ਮਜ਼ਦੂਰ ਜਥੇਬਦੀਆਂ, ਮੁਲਾਜ਼ਮ ਅਤੇ ਪੈਨਸ਼ਨਰਜ਼ ਯੂਨੀਅਨਾਂ ਦੀ ਮੀਟਿੰਗ ਸਥਾਨਕ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੀਟੂ ਦੇ ਸੂਬਾ ਸਕੱਤਰ ਮਹਾਂ ਸਿੰਘ ਰੌੜੀ, ਪੈਨਸ਼ਨਰਜ਼ ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਅਟਵਾਲ, ਕੁਲ ਹਿੰਦ ਖੇਤ ਮਜ਼ਦੂਰ ਸਭਾ ਦੇ ਆਗੂ ਨਿਰੰਜਣ ਦਾਸ ਮੇਹਲੀ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਜ਼ਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ ਨੇ ਕਿਹਾ ਕਿ ਦੇਸ਼ ਵਿਆਪੀ ਸੱਦੇ ਨੂੰ ਸਫ਼ਲ ਬਣਾਉਣ ਲਈ ਪੂਰੀ ਤਿਆਰੀ ਵਿਚ ਜੁੱਟ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਤੇ ਦੇਸ਼ੀ ਵਿਦੇਸ਼ੀ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਮਜ਼ਦੂਰਾਂ ਤੋਂ ਯੂਨੀਅਨ ਬਣਾਉਣ ਤੇ ਸੰਘਰਸ਼ ਕਰਨ ਵਰਗੇ ਬੁਨਆਦੀ ਹੱਕ ਖੋਹਣ ਲਈ ਕੇਂਦਰ ਸਰਕਾਰ ਮਜ਼ਦੂਰ ਪੱਖੀ 29 ਲੇਬਰ ਕਾਨੂੰਨਾਂ ਨੂੰ ਖ਼ਤਮ ਕਰਕੇ 4 ਲੇਬਰ ਕੋਡ ਪਹਿਲੀ ਅਪ੍ਰੈਲ ਤੋਂ ਲਾਗੂ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਕੋਲ ਆਪਣੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਅਤੇ ਪ੍ਰਾਪਤ ਕਰਨ ਲਈ ਯੂਨੀਅਨ ਬਣਾਉਣ ਅਤੇ ਸੰਘਰਸ਼ ਕਰਨ ਦਾ ਜਮਹੂਰੀ ਅਧਿਕਾਰ ਖ਼ਤਮ ਹੋ ਜਾਵੇਗਾ। ਕੰਮ ਦਾ ਮਿਹਨ-ਤਾਨਾ ਵਧਾਉਣ ਦੀ ਥਾਂ ਕੰਮ ਘੰਟੇ 8 ਤੋਂ 12 ਘੰਟੇ ਦੀ ਦਿਹਾੜੀ ਹੋਵੇਗੀ। ਆਗੂਆਂ ਨੇ ਜਨਤਕ ਅਦਾਰਿਆਂ ਦੇ ਨਿੱਜੀਕਰਨ ਦਾ ਵਿਰੋਧ ਕਰਦਿਆਂ ਇਸਨੂੰ ਬੰਦ ਕਰਨ ਦੀ ਮੰਗ ਕੀਤੀ। ਉਹਨਾਂ ਦੱਸਿਆ ਕਿ 1 ਅਪ੍ਰੈਲ 11 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਉੱਤੇ ਕੀਤੇ ਜਾ ਰਹੇ ਹਮਲਿਆਂ ਦੀ ਨਿੰਦਾ ਕਰਦੇ ਹੋਏ ਇਹ ਹਮਲੇ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਤਰਸੇਮ ਸਿੰਘ ਬੈਂਸ, ਵਿਜੈ ਕੁਮਾਰ, ਨਰਿੰਦਰ ਮਹਿਤਾ, ਕੁਲਦੀਪ ਸਿੰਘ ਸੁੱਜੋਂ, ਗੁਰਦਿਆਲ ਰੱਕੜ, ਰਾਮ ਆਸਰਾ, ਕਿਰਨਜੀਤ ਕੌਰ ਆਗੂ ਵੀ ਮੌਜੂਦ ਸਨ।

# ਪ੍ਰਸ਼ਾਸਨ ਵਲੋਂ ਗੈਸ ਏਜੰਸੀਆਂ ਤੇ ਪੈਟਰੋਲ ਪੰਪਾਂ ਦੀ ਅਚਨਚੇਤ ਚੈਕਿੰਗ

## ਐਲ.ਪੀ.ਜੀ., ਪੈਟਰੋਲ ਤੇ ਡੀਜ਼ਲ ਦੀ ਕੋਈ ਕਮੀ ਨਹੀਂ – ਡੀ.ਸੀ. ਗੁਲਪ੍ਰੀਤ ਸਿੰਘ ਔਲਖ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਐਲ.ਪੀ.ਜੀ., ਪੈਟਰੋਲ ਅਤੇ ਡੀਜ਼ਲ ਦੀ ਕੋਈ ਕਮੀ ਨਹੀਂ ਹੈ । ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਭਰੋਸਾ ਦੁਆਇਆ ਕਿ ਪ੍ਰਸ਼ਾਸਨ ਵਲੋਂ ਜਰੂਰੀ ਵਸਤਾਂ ਦੀ ਨਿਰਵਿਘਨ ਉਪਲਬੱਧਤਾ ਲਈ ਪੂਰੀ ਸਪਲਾਈ ਚੇਨ ਉਤੇ ਬਾਰੀਕੀ ਨਾਲ ਨਿਗ੍ਹਾ ਰੱਖੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਤਿੰਨ ਗੈਸ ਏਜੰਸੀਆਂ ਅਤੇ ਤਿੰਨ ਪੈਟਰੋਲ ਪੰਪਾਂ ਦੀ ਰੋਜ਼ਾਨਾ ਜਾਂਚ ਕੀਤੀ ਜਾ ਅਰਹੀ ਹੈ ਤਾਂ ਜੋ ਐਲ.ਪੀ.ਜੀ ਸਿਲੰਡਰਾਂ ਅਤੇ ਪੈਟਰੋਲੀਅਮ ਪਦਾਰਥਾਂ ਦੀ ਕਾਲਾਬਜ਼ਾਰੀ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਹੁਣ ਤੱਦ ਅਧਿਕਾਰੀਆਂ ਵਲੋਂ 16 ਗੈਸ ਏਜੰਸੀਆਂ ਅਤੇ 30 ਪੈਟਰੋਲ ਪੰਪਾਂ ਦੀ ਚੈਕਿੰਗ ਕੀਤੀ ਜਾ ਚੁੱਕੀ ਹੈ ਅਤੇ ਅਜੇ ਤੱਕ ਜਾਂਚ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਖਾਮੀ ਨਹੀਂ ਪਾਈ ਗਈ। ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਐਲ.ਪੀ.ਜੀ.ਸਿਲੰਡਰਾਂ, ਪੈਟਰੋਲ ਅਤੇ ਡੀਜ਼ਲ ਦੀ ਉਪਲੱਬਧਤਾ ਨੂੰ ਲੈਕੇ ਕਿਸੇ ਵੀ ਤਰ੍ਹਾਂ ਨਾਲ ਘਬਰਾਉਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਇਹਨਾਂ ਚੀਜਾਂ ਦਾ ਲੋੜੀਂਦੀ ਮਾਤਰਾ ਵਿੱਚ ਸਟਾਕ ਮੌਜੂਦ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਡਰ ਕੇ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ.ਸਿਲੰਡਰ ਖ਼ਰੀਦ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਅਜਿਹੀਆਂ ਗਤੀਵਿਧੀਆਂ ਬਿਨ੍ਹਾਂ ਵਜਾ ਸੁਚੱਜੇ ਪ੍ਰਬੰਧ ਅਤੇ ਸਪਲਾਈ ਚੇਨ ਨੂੰ ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਜਰੂਰੀ ਵਸਤਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਜਰੂਰੀ ਸੇਵਾਵਾਂ ਪ੍ਰਬੰਧਨ ਕਾਨੂੰਨ ਨੂੰ ਲਾਗੂ ਕੀਤਾ ਜਾ ਚੁੱਕਾ ਹੈ। ਉਨ੍ਹਾਂ ਤਾੜਨਾ ਕੀਤੀ ਕਿ ਜਰੂਰੀ ਵਸਤਾਂ ਦੀ ਕਾਲਾਬਜ਼ਾਰੀ ਅਤੇ ਗੈਰ ਕਾਨੂੰਨੀ ਢੰਗ ਨਾਲ ਭੰਡਾਰ ਕਰਨ 'ਤੇ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਐਲ.ਪੀ.ਜੀ.ਸਿਲੰਡਰ ਬੁੱਕ ਕਰਨ ਲਈ ਮਿਸਡ ਕਾਲ ਕੀਤੀ ਜਾਵੇ ਨਿਰਵਿਘਨ ਸਪਲਾਈ ਲਈ ਆਪਣੀ-ਆਪਣੀ ਗੈਸ ਏਜੰਸੀ ਪਾਸ ਈ-ਕੇਵਾਈਸੀ ਨੂੰ ਕਰਵਾਉਣਾ ਯਕੀਨੀ ਬਣਾਇਆ ਜਾਵੇ।

# ਕੀ ਕਿੱਦਾਂ ਕੁੱਝ ਕਹੀਏ



ਗੁੱਡੀ ਅੱਧ ਅਸਮਾਨ ਚੜ੍ਹਾ ਕੇ ,
ਡੋਰ ਫ਼ਿਰ ਆਪੇ ਵੱਢ ਗਿਆ ।
ਖ਼ੁਦ ਹੀ ਦਿਲ ਦੇ ਵਿੱਚ ਵਸਾ ਕੇ ,
ਵਾਲ਼ ਮੱਖਣ 'ਚੋਂ ਕੱਢ ਗਿਆ ।
ਉਸ ਨੂੰ ਮਾੜਾ ਨਈਂ ਕਹਿ ਸਕਦੇ ,
ਪਰ ਉਹ ਚੰਗਾ ਰਿਹਾ ਨਹੀਂ ;
ਕਿਸ ਨੂੰ ਕੀ ਕਿੱਦਾਂ ਕੁੱਝ ਕਹੀਏ ,
ਕੋਈ ਵਿਚਾਲ਼ੇ ਛੱਡ ਗਿਆ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

# ਚੁੱਲ੍ਹਾ

ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ,
ਰੁੱਸੇ ਹੋਏ ਚੁੱਲ੍ਹੇ ਨੂੰ ਮਨਾ ਲਓ।
ਕਿਉਂ ਬੇਕਦਰੀ ਕਰ ਦਿੱਤੀ ਸੀ,
ਸਿਲੰਡਰਾਂ ਤੋਂ ਖਹਿੜਾ ਛੁਡਵਾ ਲਓ,
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਹੱਡਾਂ ਦਾ ਆਰਾਮ ਨਾ ਭਾਲਓ,
ਥੋੜ੍ਹੇ-ਮੋਟੇ ਤਾਂ ਹੱਥ ਹਿਲਾ ਲਓ।
ਹੋਰ ਜੇ ਕੁਝ ਨਹੀਂ ਕਰ ਸਕਦੇ ਤਾਂ
ਭਾਅ ਨੂੰ ਲੱਗੀ ਅੱਗ ਬੁਝਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਬਾਲਣ ਇਕੱਠਾ ਕਰਕੇ ਰੱਖ ਲਓ,
ਭੁੱਬਲ ਪਾਥੀ ਦੱਬਕੇ ਰੱਖ ਲਓ।
ਫੂਕਾਂ ਮਾਰ ਜਦ ਮਰਜ਼ੀ ਸੁਲਗਾ ਲਓ,
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਮਿੱਟੀ ਪੁੱਟ ਲਿਆਓ ਕਿਧਰੋਂ,
ਪਾਣੀ ਥੋੜ੍ਹਾ ਵਿੱਚ ਮਿਲਾ ਲਓ,
ਨਵਾਂ ਬਣਾਕੇ ਚੁੱਲ੍ਹਾ ਧਰ ਲਓ,
ਪਾਂਡੂ ਫੇਰ ਇਸਨੂੰ ਚਮਕਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਪਾਥੀਆਂ ਪੱਥ ਬਣਾ ਲਓ ਗਹਾਰੇ,
ਉੱਪਰੋਂ ਗੋਹੇ ਦਾ ਲੇਪ ਚੜ੍ਹਾ ਲਓ,
ਲਿਆ ਕਿਧਰੋਂ ਕਾਹੀਂ ਦੀਆਂ ਭਰੀਆਂ,
ਮੀਂਹ-ਕਣੀ ਤੁਸੀਂ ਬਚਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਖੁਰਚਣਾ, ਫੂਕਣੀ, ਚਿਮਟਾ ਰੱਖ ਲਓ,
ਭਰੀ ਡੱਕਿਆਂ ਚਿਣਕੇ ਰੱਖ ਲਓ।
ਤਵਾ, ਪਰਾਂਤ, ਬੋਈਆ ਤੇ ਪੋਣੇ
ਕੋਲ ਚੁੱਲ੍ਹੇ ਦੇ ਚਮਕਾ ਕੇ ਰੱਖ ਲਓ।
ਮੱਠੀ ਅੱਗ ਨੂੰ ਤੇਜ ਜੇ ਕਰਨਾ,
ਭੰਨ ਕੇ ਪਾਥੀ ਇੱਕ ਹੋਰ ਲਗਾ ਲਓ
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਇਹ ਨਹੀਂ ਮੁੱਕਣੇ ਕੰਮ ਜਿੰਦਗੀ ਦੇ,
ਜਿੰਨੇ ਮਰਜ਼ੀ ਤੁਸੀਂ ਮੁਕਾ ਲਓ।
ਤਪਣਾ ਪੈਣਾ ਭੱਠੀ ਵਾਂਗੂੰ,
ਬਸ ਆਪਣੇ ਮਨ ਨੂੰ ਸਮਝਾ ਲਓ,
ਆਪਣੇ ਹੱਥੀਂ ਕਾਜ ਸੰਵਾਰੋ,
ਆਪਣਾ ਪੱਲਾ ਆਪ ਬਚਾ ਲਓ
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।
ਰੁੱਸੇ ਹੋਏ ਚੁੱਲ੍ਹੇ ਨੂੰ ਮਨਾ ਲਓ।



**ਰਛਪਾਲ ਸਿੰਘ ਰੈਸਲ**
**ਹਰੀਦਾਸ ਕਲੋਨੀ**
**ਨਾਭਾ (ਪਟਿਆਲਾ)**
**94178-97576**

# ਕੌੜਾ ਸੱਚ

ਆਓ ! ਅੱਜ ਦੱਸਾਂ ਥਨੂੰ, ਦੁਨੀਆਂ ਦਾ ਕੌੜਾ ਸੱਚ,
ਜਿਹੜਾ ਆਮ ਲੋਕਾਂ ਤੋਂ ਛੁਪਾਇਆ ਜਾਂਦਾ, ਦੋਸਤੋ!
ਜੰਗ ਦੇ ਵਿਪਾਰੀਆਂ ਲਈ ਜੰਗ ਹੀ ਵਿਪਾਰ ਹੁੰਦਾ,
ਜੀਹਦੇ 'ਚੋਂ ਮੁਨਾਫ਼ਾ ਬੜਾ ਕਮਾਇਆ ਜਾਂਦਾ, ਦੋਸਤੋ!
ਜੰਗ ਜਦੋਂ ਸ਼ੁਰੂ ਹੋਏ, ਫ਼ੌਜੀ 'ਕੱਲਾ ਮਰਦਾ ਨਹੀਂ,
ਉਹ ਦੇ ਨਾਲ ਪਰਵਾਰ ਵੀ ਰੁਆਇਆ ਜਾਂਦਾ, ਦੋਸਤੋ!
ਧਰਤੀ ਅਕਾਸ਼ ਜਦੋਂ ਅੱਗ ਦੇ ਹਵਾਲੇ ਹੁੰਦਾ,
ਉਹਦੇ ਵਿੱਚ ਲੋਕਾਂ ਨੂੰ ਜਲਾਇਆ ਜਾਂਦਾ, ਦੋਸਤੋ!
ਜੰਗ ਦੇ ਵਿਪਾਰੀਆਂ ਲਈ, ਜੰਗ ਹੀ ਬਜ਼ਾਰ ਹੈ,
ਮਹਿਲਾਂ ਵਿੱਚ ਬੈਠਿਆਂ ਨੂੰ ਪੈਂਦਾ ਕੋਈ ਫ਼ਰਕ ਨਹੀਂ।
ਬੰਬਾਂ ਤੇ ਮਿਜ਼ਾਇਲਾਂ ਨਾਲ ਮਰਦੀ ਮਨੁੱਖਤਾ ਦਾ,
ਉਨ੍ਹਾਂ ਦਿਆਂ ਦਿਲਾਂ ਵਿੱਚ ਜਰ੍ਹਾ ਵੀ ਹਰਖ ਨਹੀਂ।
ਪੁੱਤਰਾਂ ਲਈ ਮਾਵਾਂ, ਭੈਣਾਂ ਵੀਰਿਆਂ ਲਈ ਰੋਣ,
ਸੜ ਰਹੇ ਮਾਸੂਮਾਂ ਦੇ ਭਵਿੱਖ 'ਤੇ ਤਰਸ ਨਹੀਂ।
ਮੌਤ ਦੇ ਮੈਦਾਨ ਵਿੱਚ ਵੱਜ ਰਿਹਾ ਮਾਰੂ ਰਾਗ,
ਘਰ-ਬਾਰ ਢਹਿ ਗਏ, ਕੋਈ ਸਾਬਤ ਸੜਕ ਨਹੀਂ।
ਜੰਗ ਦੇ ਵਿਪਾਰੀ ਜੰਗ ਛੇੜਦੇ ਮੁਨਾਫ਼ਿਆਂ ਲਈ,
ਜੀਹਦੇ ਵਿੱਚ ਵਿਕਦੇ ਨੇ ਖ਼ੂਬ ਹਥਿਆਰ ਜੀ!
ਬੰਬਾਂ ਤੇ ਮਿਜ਼ਾਇਲਾਂ ਦੀ ਖਰੀਦ ਹੁੰਦੀ ਧੜਾ-ਧੜ,
ਜਹਾਜ਼ਾਂ ਤੇ ਡਰੋਨਾਂ ਨਾਲ ਵਿਕਦੇ ਰਿਡਾਰ ਜੀ!
ਗੋਲਿਆਂ ਦਾ ਮੀਂਹ ਜਦੋਂ ਵਰ੍ਹਦਾ ਅਕਾਸ਼ ਵਿੱਚੋਂ,
ਧਰਤੀ ਤੋਂ ਉੱਠੇ ਅੱਗ-ਧੂੰਏਂ ਦਾ ਗ਼ੁਬਾਰ ਜੀ!
ਬੰਬਾਂ ਦੇ ਧਮਾਕਿਆਂ 'ਚ ਗੁੰਮ ਹੋ ਜਾਣ ਚੀਕਾਂ,
ਸੁਣਦਾ ਨਹੀਂ ਕੋਈ, ਮੱਚ ਜਾਂਦੀ ਹਾਹਾਕਾਰ ਜੀ!
ਮਲਬੇ ਦੇ ਢੇਰ ਥੱਲੇ ਦੱਬਿਆ ਮਾਸੂਮ ਬੱਚਾ,
ਜ਼ਖਮਾਂ ਦੇ ਨਾਲ ਜੀਹਦਾ ਤਨ ਚੂਰ-ਚੂਰ ਏ।
ਅੰਗ ਅੰਗ ਵਿੱਚੋਂ ਲਹੂ ਵਗਦਾ ਧਰਾਲਾਂ ਬਣ,
ਪਰ ਉਹਦੇ ਅੱਖਾਂ ਵਿੱਚ ਰੋਹ ਭਰੀ ਘੂਰ ਏ।
ਜ਼ਿੰਦਗੀ ਦੇ ਆਖ਼ਰੀ ਪੜਾਅ ਤੇ ਖੜ੍ਹਾ ਪੁੱਛ ਰਿਹਾ,
ਏਨਾ ਕੂ ਤਾਂ ਦੱਸ ਦਿਓ, ਮੇਰਾ ਕੀ ਕਸੂਰ ਏ ?
ਕਿੱਥੇ ਮੇਰਾ ਮਾਂ-ਬਾਪ, ਕਿੱਥੋਂ ਛੋਟੀ ਭੈਣ ਲੱਭਾਂ,
ਖ਼ਾਕ 'ਚ ਮਿਲਾ ਕੇ, ਮੈਥੋਂ ਕਰ ਦਿੱਤੇ ਦੂਰ ਏ।
ਹੱਥ ਜੋੜ ਪੁੱਛਦਾ ਸੁਆਲ ਵਿਗਿਆਨੀਆਂ ਤੋਂ,
ਸੱਚ ਸੱਚ ਦੱਸਿਓ, ਜੇ ਸੱਚੇ ਇਨਸਾਨ ਏ।
ਅਰਬਾਂ ਰੁਪਈਏ ਲਾ ਕੇ ਕੱਢੀਆਂ ਜੋ ਕਾਢਾਂ,
ਕੀ ਇਹ ਤਰੱਕੀ ਜਾਂ ਮਨੁੱਖਤਾ ਦਾ ਮਾਣ ਏ।
ਤੁਹਾਡੀਆਂ ਮਿਜ਼ਾਇਲਾਂ ਹਿੱਕ ਸਾੜ ਦਿੱਤੀ ਧਰਤੀ ਦੀ,
ਜਿਨ੍ਹਾਂ ਨੂੰ ਬਣਾਉਣ 'ਤੇ ਤੁਹਾਨੂੰ ਬੜਾ ਮਾਨ ਏ।
ਮਲਬੇ ਦੇ ਢੇਰਾਂ ਥੱਲੇ ਦੱਬੇ ਗਏ ਮਾਸੂਮ ਲੋਕ,
ਪੰਛੀ ਬੇਹਾਲ ਹੋਏ, ਧੂੰਏਂ ਦਾ ਅਸਮਾਨ ਏ।
ਏਹੋ-ਜਿਹੀਆਂ ਕਾਢਾਂ ਦਾ ਮਨੁੱਖਤਾ ਨੂੰ ਲਾਭ ਕੀ,
ਜਿਨ੍ਹਾਂ ਮੁੱਢ ਬੰਨ੍ਹਿਆ ਵਿਨਾਸ਼ ਤੇ ਤਬਾਹੀ ਦਾ।
ਜਿੱਥੇ ਹਥਿਆਰ ਪ੍ਰਤੀਕ ਹੋਵੇ ਸ਼ਕਤੀ ਦਾ,
ਸਾਨੂੰ ਐਸਾ ਰਾਜ ਤੇ ਸਮਾਜ ਨਹੀਂ ਚਾਹੀਦਾ।
ਜਿੱਥੇ ਹਥਿਆਰ ਬਣੇ ਢਾਲ ਮਜ਼ਲੂਮਾਂ ਦੇ ਲਈ,
ਨਾਲ ਨਾਲ ਓਥੇ ਕਰੇ ਖਾਤਮਾ ਬੁਰਾਈ ਦਾ।
ਲੋਕਾਂ ਦਾ ਵਿਨਾਸ਼ ਕਰ ਜਿੱਤ ਲੈਣਾ ਜਿੱਤ ਨਹੀਂ,
'ਭੁੱਲੜਾ' ਹਕੀਕੀ ਜਿੱਤ ਦਿਲੋਂ ਨਫ਼ਰਤ ਹਰਾਈ ਦਾ।



**ਸੁਖਦੇਵ ਸਿੰਘ 'ਭੁੱਲੜ'**
**ਜ਼ੀਰਾ**
**9417046117**

# ਲਹੂ ਦੀ ਲਾਲੀ ਤੇ ਚਿੱਟਾ ਦਿਨ

ਤੇਰੇ ਲਹੂ ਦੀ ਲਾਲੀ ਭਗਤ ਸਿਆਂ, ਅੱਜ ਮਿੱਟੀ ਦੇ ਵਿੱਚੋਂ ਬੋਲੇ ਵੇ,
ਵੇਖ ਹਾਕਮ ਬਦ-ਨੀਅਤਾਂ ਵਾਲਾ, ਜ਼ਹਿਰ ਫ਼ਿਜ਼ਾ ਵਿੱਚ ਘੋਲੇ ਵੇ।
ਬੰਤੀ ਚੋਲੇ ਵਾਲਿਆ ਮੁੜ ਕੇ, ਫੇਰਾ ਦੇਸ਼ 'ਤੇ ਪਾ ਜਾ ਤੂੰ,
ਆਜ਼ਾਦੀ ਦੀ ਮੰਡੀ ਦੇ ਵਿੱਚ, ਵੇਖ ਕੌਣ ਕੀ ਤੋਲੇ ਵੇ।
ਜਿਸ ਗੱਭਰੂ ਦੀ ਹਿੱਕ ਦੇ ਅੰਦਰ, ਤੂੰ ਸੀ ਗ਼ੈਰਤ ਭਰ ਦਿੱਤੀ,
ਅੱਜ ਉਸਦੀਆਂ ਰਗਾਂ 'ਚ ਮੌਤ ਨੇ, ਕਾਲੀ ਪੀਂਘ ਹੈ ਚੜ੍ਹ ਦਿੱਤੀ।
ਗੋਲ਼ੀਆਂ ਦੀ ਥਾਂ ਅੱਜ ਸਰਿੰਜਾਂ, ਹੱਡੀਆਂ ਦੇ ਵਿੱਚ ਰਚ ਗਈਆਂ,
ਚਿੱਟੇ ਨੇ ਤਾਂ ਮਾਵਾਂ ਦੇ ਸਭ, ਸੁੰਨੇ ਵਿਹੜੇ ਕਰ ਦਿੱਤੀ।
ਬੁੱਤ ਤੇਰੇ ਤਾਂ ਉੱਚੇ ਕਰਤੇ, ਸੋਚ ਪੈਰਾਂ ਹੇਠ ਰੋ਼ਲੀ ਵੇ,
ਅਣਖਾਂ ਵਿਕੀਆਂ ਮੰਡੀ ਦੇ ਵਿੱਚ, ਪਾਈ ਸਿਆਸੀ ਝੋਲੀ ਵੇ।
ਕੇਸਰੀ ਰੰਗ ਦੀਆਂ ਪੱਗਾਂ ਬੰਨ੍ਹ ਕੇ, ਕੁਰਸੀ ਪਿੱਛੇ ਲੜਦੇ ਨੇ,
ਹੱਕਾਂ ਦੀ ਥਾਂ ਲਹੂਆਂ ਵਾਲੀ, ਖੇਡੀ ਜਾਂਦੀ ਹੋਲੀ ਵੇ।
ਕਿਰਤੀ ਕਾਮੇ ਦੇ ਮੱਥੇ 'ਤੇ, ਚਿੰਤਾ ਦੀਆਂ ਲਕੀਰਾਂ ਨੇ,
ਪੰਛੀ ਉੱਡ ਗਏ ਦੇਸ਼ੋਂ ਬਾਹਰ, ਟੁੱਟੀਆਂ ਸਭ ਜ਼ੰਜੀਰਾਂ ਨੇ।
ਕਰਜ਼ੇ ਦੀ ਫਾਹੀ ਦੇ ਉੱਤੇ, ਅੱਜ ਕਿਸਾਨ ਪਿਆ ਲਟਕੇ ਵੇ,
ਜਿਸ ਮਿੱਟੀ ਲਈ ਮਰਿਆ ਸੀ ਤੂੰ, ਵਿਕਦੀ ਅੱਜ ਜਗੀਰਾਂ ਨੇ।
'ਖਿੱਚੀ' ਮਾਨਸਾ ਵਾਲਾ ਲਿਖਦਾ, ਦਿਲ ਦੇ ਜ਼ਖ਼ਮ ਫਰੋਲੇ ਵੇ,
ਸੂਰਜ ਅੱਜ ਵੀ ਕੈਦ ਪਿਆ ਏ, ਕਾਲੇ ਬੱਦਲਾਂ ਓਹਲੇ ਵੇ।
ਜੇ ਇਨਕਲਾਬ ਸਿਰਫ਼ ਨਾਅਰਾ ਏ, ਦੱਸ ਸ਼ਹੀਦੀ ਕੀ ਹੋਈ?
ਜਨਤਾ ਭੁੱਖੀ ਸੌਂਦੀ ਅੱਜ ਵੀ, ਖ਼ਾਲੀ ਭਾਂਡੇ ਬੋਲੇ ਵੇ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**



# ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 21 ਅਪ੍ਰੈਲ ਨੂੰ, ਪ੍ਰੋ. ਗੋਪਾਲ ਬੁੱਟਰ ਲਹਿਰਾਉਣਗੇ - ਗ਼ਦਰੀ ਝੰਡਾ

## ਮੰਗਤ ਰਾਮ ਪਾਸਲਾ ਹੋਣਗੇ ਮੁੱਖ ਵਕਤਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਅੱਜ ਹੋਈ ਮੀਟਿੰਗ ਨੇ ਫੈਸਲਾ ਲਿਆ ਕਿ ਹਰ ਸਾਲ ਦੀ ਤਰ੍ਹਾਂ ਗ਼ਦਰ ਪਾਰਟੀ ਦਾ ਸਥਾਪਨਾ ਦਿਹਾੜਾ 21 ਅਪ੍ਰੈਲ ਦਿਨ ਮੰਗਲਵਾਰ ਸਵੇਰੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਇਆ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਸਮਾਗਮ 'ਚ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ ਅਦਾ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਮੰਗਤ ਰਾਮ ਪਾਸਲਾ ਸਮਾਗਮ ਦੇ ਮੁੱਖ ਵਕਤਾ ਹੋਣਗੇ। ਉਹ 'ਇਰਾਨ ਉਪਰ ਅਮਰੀਕਾ-ਇਜ਼ਰਾਇਲ ਵੱਲੋਂ ਹਮਲਾ ਅਤੇ ਭਾਰਤੀ ਹਾਕਮ' ਵਿਸ਼ੇ ਉਪਰ ਕੁੰਜੀਵਤ ਭਾਸ਼ਣ ਦੇਣਗੇ। ਦੁਨੀਆਂ ਭਰ ਦੇ ਅਨਮੋਲ ਕੁਦਰਤੀ ਖਜ਼ਾਨੇ ਲੁੱਟਣ ਵਿਸ਼ੇਸ਼ ਕਰਕੇ ਤੇਲ ਭੰਡਾਰਾਂ ਉਪਰ ਮੁਕੰਮਲ ਕਬਜ਼ਾ ਕਰਨ, ਮੁਲਕਾਂ ਉਪਰ ਆਪਣਾ ਮੁਕੰਮਲ ਸਾਮਰਾਜੀ ਦਾਬਾ ਕਾਇਮ ਕਰਨ ਲਈ ਅਮਰੀਕੀ ਹਾਕਮ ਸੰਸਾਰ ਭਰ ਦੇ ਲੋਕਾਂ ਉਪਰ ਨਿਹੱਕੀ ਜੰਗ ਮੜ੍ਹਕੇ ਨਤੀਜੇ ਵਜੋਂ ਉਹਨਾਂ ਨੂੰ ਚੌਤਰਫ਼ੇ ਸੰਕਟਾਂ ਦੇ ਮੂੰਹ ਧੱਕ ਰਹੇ ਹਨ ਅਤੇ ਭਾਰਤੀ ਹਾਕਮ ਉਹਨਾਂ ਅੱਗੇ ਡੰਡੌਤ ਬੰਧਨਾ ਕਰ ਰਹੇ ਹਨ। ਇਸ ਹਾਲਾਤ ਨੂੰ ਮੁਖ਼ਾਤਬ ਹੋ ਰਹੇ ਇਸ ਸਮਾਗਮ ਦਾ ਮਕਸਦ, ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਹੋਏਗਾ।ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਸਮਾਗਮ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ। ਅੱਜ ਦੀ ਮੀਟਿੰਗ ਦਾ ਆਗਾਜ਼ ਬੀਤੇ ਦਿਨੀਂ ਵਿਛੜੇ ਗਗਨਦੀਪ ਸਿੰਘ ਰੰਧਾਵਾ (ਕਮੇਟੀ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੇ ਭਾਣਜੇ), ਇਨਕਲਾਬੀ ਲਹਿਰ ਦੀ ਜਾਣੀ-ਪਹਿਚਾਣੀ ਸਖ਼ਸ਼ੀਅਤ ਰਣਜੀਤ ਲਹਿਰਾ, ਜਮਹੂਰੀ ਲਹਿਰ ਦੇ ਸੀਨੀਅਰ ਆਗੂ ਵਿਧੂ ਸ਼ੇਖ਼ਰ, ਤਰਕਸ਼ੀਲ ਲਹਿਰ ਦੇ ਆਗੂ ਅਵਤਾਰ ਬਾਈ ਕਨੇਡਾ, ਮੰਗਾ ਬਾਸੀ ਕਵੀ ਕੈਮਲੂਪਸ ਕਨੇਡਾ, ਉੱਘੇ ਭਾਸ਼ਾ ਵਿਗਿਆਨੀ ਡਾ. ਰਣਜੀਤ ਸਿੰਘ ਬਾਜਵਾ, ਕਰਜ਼ੇ ਮਾਰੇ ਪਿੰਡ ਹਰੀ ਨੌਂ ਦੇ ਦੋ ਸਕੇ ਭਰਾਵਾਂ ਜਸਵਿੰਦਰ ਸਿੰਘ ਅਤੇ ਜਸਕਰਨ ਸਿੰਘ ਵੱਲੋਂ ਗੱਡੀ ਅੱਗੇ ਛਾਲ ਮਾਰਕੇ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਦੀ ਹਿਰਦੇਵੇਦਕ ਮੌਤ ਉਪਰ ਉਹਨਾਂ ਸਭਨਾਂ ਦੇ ਪਰਿਵਾਰਾਂ, ਸਾਕ-ਸਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਕਮੇਟੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



# ਗੀਤਕਾਰ ਗਗਨ ਪੈਂਸਰਾ ਗਰੀਸ, ਗਾਇਕ ਤਾਜ ਨਗੀਨਾ ਦਾ ਭਜਨ " ਮੁੱਖੜਾ ਕਮਾਲ ਜੋਗੀਆ " ਰਲੀਜ਼ ਭਗਤਾ ਦਾ ਮਿਲ ਰਿਹਾ ਪਿਆਰ

**ਗੜ੍ਹਸ਼ੰਕਰ 29 ਮਾਰਚ ( ਬਲਵੀਰ ਚੌਪੜਾ )**- ਪਿਛਲੇ ਦਿਨੀ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਸੁਰੀਲੀ ਤੇ ਬੁਲੰਦ ਅਵਾਜ਼ ਨਾਲ ਵਿਲੱਖਣ ਪਹਿਚਾਣ ਬਣਾਉਣ ਵਾਲੇ ਗਾਇਕ ਤਾਜ ਨਗੀਨਾ ਦਾ ਭਜਨ " ਮੁੱਖੜਾ ਕਮਾਲ ਜੋਗੀਆਂ " ਜੋ ਕਿ ਮੇਰਾ ਪੌਣਾਹਾਰੀ ਯੂ ਟਿਊਬ ਚੈਨਲ ਉੱਤੇ ਬੜੇ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਜੋ ਕਿ ਬਾਬਾ ਬਾਲਕ ਨਾਥ ਜੀ ਦੇ ਭਗਤਾ ਵਲੋਂ ਭਜਨ ਨੂੰ ਬਹੁਤ ਹੀ ਪਿਆਰ ਮਿਲ ਰਿਹਾ ਹੈ । ਜਿਸ ਦੀ ਜਾਣਕਾਰੀ ਸਾਂਝੀ ਕਰਦਿਆਂ ਯੂ ਟਿਊਬ ਚੈਨਲ ਮੇਰਾ ਪੌਣਾਹਾਰੀ ਦੇ ਸੰਚਾਲਕ ਤੇ ਗਾਇਕ ਤਾਜ ਨਗੀਨਾ ਤੇ ਗੀਤਕਾਰ ਗਗਨ ਪੈਂਸਰਾ ਗਰੀਸ ਨੇ ਚੱਲ ਰਹੇ ਬਾਬਾ ਜੀ ਦੇ ਭਜਨ ਬਾਰੇ ਦੱਸਿਆ ਕਿ ਚੱਲ ਰਹੇ ਭਜਨ ਦਾ ਬਾਬਾ ਜੀ ਦੇ ਭਗਤਾ ਵਲੋਂ ਬਹੁਤ ਹੀ ਪਿਆਰ ਮਿਲ ਰਿਹਾ ਹੈ । ਅਤੇ ਭਜਨ ਨੂੰ ਸੰਗੀਤ ਦੇ ਜਾਦੂਗਰ ਮਿਲਣ ਵਲੋਂ ਧੁਨਾਂ ਨਾਲ ਸ਼ਿੰਗਾਰਿਆ ਹੈ , ਲਵੀ ਡਿਜ਼ਾਈਨ ਜੋਨ ਦੁਆਰਾ ਕੀਤੀ ਪੋਸਟਰ ਡਿਜ਼ਾਇਨਿੰਗ ਵੀ ਕਾਬਲੇ ਤਾਰੀਫ਼ ਹੈ। ਇਸ ਭਜਨ ਦੀ ਵੀਡੀਓ ਕੈਮਰਾਮੈਨ ਲਵੀ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਬਣਾ ਕੇ ਪੇਸ਼ ਕੀਤੀ ਗਈ । ਗੀਤਕਾਰ ਗਗਨ ਪੈਂਸਰਾ ਗਰੀਸ ਅਤੇ ਗਾਇਕ ਤਾਜ ਨਗੀਨਾ ਵਲੋਂ ਪੇਸ਼ ਕੀਤੇ ਗਏ ਮੇਰਾ ਪੌਣਾਹਾਰੀ ਯੂਟਿਊਬ ਚੈਨਲ ਤੇ ਬਾਬਾ ਜੀ ਦੇ ਭਗਤਾ ਵਲੋਂ ਭਜਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ॥




# ਸਰਕਾਰੀ ਸੈਕੰਡਰੀ ਸਕੂਲ ਫਤਿਹਪੁਰ ਭੱਟਲਾਂ ਦੀਆਂ ਨਾਨ ਬੋਰਡ ਜਮਾਤਾਂ ਦਾ ਨਤੀਜਾ 100 ਫੀਸਦੀ ਰਿਹਾ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ)** – ਸਿੱਖਿਆ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਸਰਕਾਰੀ ਸੈਕੰਡਰੀ ਸਕੂਲ ਫਤਿਹਪੁਰ ਭੱਟਲਾਂ ਵਿਖੇ ਅੱਜ ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਦੀ ਪ੍ਰਧਾਨਗੀ ਹੇਠ ਮੈਗਾ ਪੀ ਟੀ ਐਮ ਕੀਤੀ ਗਈ, ਜਿਸ ਵਿੱਚ ਐਸ. ਐਮ. ਸੀ. ਚੇਅਰਮੈਨ ਭਾਰਤ ਭੂਸ਼ਣ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਮੌਕੇ ਛੇਵੀਂ, ਸੱਤਵੀਂ, ਨੌਵੀਂ ਅਤੇ ਗਿਆਰ੍ਹਵੀਂ ਨਾਨ-ਬੋਰਡ ਜਮਾਤਾਂ ਦੇ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਐਲਾਨਿਆ ਗਿਆ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਦੱਸਿਆ ਕਿ ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਅਤੇ ਗਿਆਰ੍ਹਵੀਂ ਨਾਨ-ਬੋਰਡ ਜਮਾਤਾਂ ਦਾ ਨਤੀਜਾ 100 ਫੀਸਦੀ ਰਿਹਾ, ਜਿਸ ਦਾ ਸਿਹਰਾ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਖਤ ਮਿਹਨਤ ਨੂੰ ਜਾਂਦਾ ਹੈ। ਉਹਨਾਂ ਦੱਸਿਆ ਕਿ ਜਮਾਤ ਛੇਵੀਂ 'ਚੋਂ ਸਿਮਰਪ੍ਰੀਤ ਕੌਰ ਨੇ ਪਹਿਲਾ, ਜਾਨਵੀ ਨੇ ਦੂਸਰਾ ਤੇ ਹਰਸਿਮਰਨ ਕੌਰ ਨੇ ਤੀਸਰਾ, ਸੱਤਵੀਂ ਜਮਾਤ 'ਚੋਂ ਲਕਸ਼ ਠਾਕੁਰ ਨੇ ਪਹਿਲਾ, ਸਿਮਰਨ ਕੌਰ ਨੇ ਦੂਸਰਾ, ਭਾਰਤ ਠਾਕੁਰ ਨੇ ਤੀਸਰਾ, ਨੌਵੀਂ ਜਮਾਤ 'ਚੋਂ ਈਸ਼ਾ ਰਾਣੀ ਨੇ ਪਹਿਲਾ, ਸਾਨਵੀ ਨੇ ਦੂਸਰਾ, ਵੰਸ਼ ਡਡਵਾਲ ਨੇ ਤੀਸਰਾ ਅਤੇ 11ਵੀਂ ਜਮਾਤ ਆਰਟਸ ਗਰੁੱਪ 'ਚੋਂ ਦੀਕਸ਼ਾ ਨੇ ਪਹਿਲਾ, ਚਾਹਤ ਡਡਵਾਲ ਨੇ ਦੂਸਰਾ ਤੇ ਕਿਰਨਦੀਪ ਕੌਰ ਨੇ ਤੀਸਰਾ, ਕਮਰਸ ਗਰੁੱਪ 'ਚੋਂ ਪਲਕ ਨੇ ਪਹਿਲਾ, ਮੁਸਕਾਨ ਠਾਕੁਰ ਨੇ ਦੂਜਾ, ਅਕਾਸ਼ੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਊਸ਼ਾ ਦੇਵੀ, ਸਰਪੰਚ ਰਵਿੰਦਰ ਕੁਮਾਰ, ਸਾਬਕਾ ਸਰਪੰਚ ਕੁਲਵੀਰ ਸਿੰਘ, ਸਮਾਜ ਸੇਵਕ ਹੌਲਦਾਰ ਪੁਸ਼ਪਿੰਦਰ ਸਿੰਘ, ਲੈਕਚਰਾਰ ਗੁਰਦੀਪ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਲੈਕਚਰਾਰ ਸੰਜੀਵ ਕੁਮਾਰ, ਲੈਕਚਰਾਰ ਅੰਮ੍ਰਿਤਪਾਲ ਸਿੰਘ, ਲੈਕਚਰਾਰ ਤਿਲਕ ਰਾਜ, ਅਨੂਪ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ, ਦਲਬੀਰ ਸਿੰਘ, ਲਖਵੀਰ ਸਿੰਘ, ਸਚਿਨ ਕੁਮਾਰ ਬੀ. ਆਰ. ਸੀ. ਭੁੰਗਾ-2, ਦੇਵ ਦੱਤ ਸ਼ਰਮਾ, ਮੋਹਨ ਲਾਲ, ਸੁਮਨ ਬਾਲਾ, ਰੋਜ਼ੀ ਸ਼ਰਮਾ, ਮਮਤਾ ਦੇਵੀ, ਸਵਿਤਾ, ਰਮਨੀਤ ਕੌਰ, ਸਮੂਹ ਵਿਦਿਆਰਥੀ ਤੇ ਉਹਨਾਂ ਦੇ ਮਾਪੇ, ਸੀ. ਐਮ.ਸੀ. ਅਤੇ ਪੰਚਾਇਤ ਦੇ ਮੈਂਬਰ ਅਤੇ ਪਤਵੰਤੇ ਹਾਜ਼ਰ ਸਨ।



**ਫੋਟੋ ਅਜਮੇਰ ਦੀਵਾਨਾ**

# ਹਿੰਦੀ ਅਤੇ ਅੰਗਰੇਜ਼ੀ ਦੇ ਵੱਧਦੇ ਪ੍ਰਭਾਵ ਕਾਰਨ ਲੋਕ ਪੰਜਾਬੀ ਦੀ ਵਰਤੋਂ ਘੱਟ ਕਰ ਰਹੇ ਹਨ : ਡਾਂ ਆਸ਼ੀਸ਼ ਸਰੀਨ

**ਹੁਸ਼ਿਆਰਪੁਰ 29 ਮਾਰਚ ( ਤਰਸੇਮ ਦੀਵਾਨਾ )** – ਅੱਜ ਦੇ ਆਧੁਨਿਕ ਯੁੱਗ ਵਿੱਚ ਪੰਜਾਬੀ ਭਾਸ਼ਾ ਕੁਝ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਵੱਧਦੇ ਪ੍ਰਭਾਵ ਕਾਰਨ ਲੋਕ ਪੰਜਾਬੀ ਦੀ ਵਰਤੋਂ ਘੱਟ ਕਰ ਰਹੇ ਹਨ। ਸ਼ਹਿਰੀ ਇਲਾਕਿਆਂ ਵਿੱਚ ਖ਼ਾਸ ਕਰਕੇ ਨਵੀਂ ਪੀੜ੍ਹੀ ਪੰਜਾਬੀ ਦੀ ਬਜਾਏ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵੱਲ ਵੱਧ ਧਿਆਨ ਦੇ ਰਹੀ ਹੈ। ਇਸ ਨਾਲ ਪੰਜਾਬੀ ਭਾਸ਼ਾ ਦੇ ਭਵਿੱਖ ਤੇ ਸਵਾਲ ਉਠਦੇ ਹਨ। ਇਸ ਦੇ ਨਾਲ ਹੀ, ਪੰਜਾਬੀ ਲਿਪੀ (ਗੁਰਮੁਖੀ) ਦੀ ਜਾਣਕਾਰੀ ਵਿੱਚ ਵੀ ਕਮੀ ਆ ਰਹੀ ਹੈ, ਜੋ ਇੱਕ ਗੰਭੀਰ ਮਸਲਾ ਹੈ। ਇਨ੍ਹਾਂ ਚੁਣੌਤੀਆਂ ਦਾ ਹੱਲ ਕਰਨਾ ਸਾਡੀ ਸੱਭਦੀ ਸਾਂਝੀ ਜ਼ਿੰਮੇਵਾਰੀ ਹੈ "ਹਿਜ਼ ਐਕਸੀਲੈਂਟ ਇਸਟੀਚਿਊਟ" ਅਤੇ "ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ" ਹੁਸ਼ਿਆਰਪੁਰ ਦੇ ਐਮ ਡੀ ਡਾਂ. ਆਸ਼ੀਸ਼ ਸਰੀਨ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ । ਉਹਨਾਂ ਕਿਹਾ ਕਿ ਸਭ ਤੋਂ ਪਹਿਲਾਂ, ਘਰ ਵਿੱਚ ਪੰਜਾਬੀ ਬੋਲਣ ਦੀ ਆਦਤ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਸਿੱਖਣ ਅਤੇ ਬੋਲਣ ਲਈ ਪ੍ਰੇਰਿਤ ਕਰਨ। ਉਹਨਾ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਨੂੰ ਯੋਗ ਮਾਣ-ਸਨਮਾਨ ਅਤੇ ਸਥਾਨ ਮਿਲਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਰਕਾਰ ਅਤੇ ਸੰਸਥਾਵਾਂ ਨੂੰ ਵੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਪੁਰਜ਼ੋਰ ਯਤਨ ਕਰਨੇ ਚਾਹੀਦੇ ਹਨ



ਇਸ ਦੇ ਨਾਲ ਹੀ, ਨਵੀਂ ਤਕਨਾਲੋਜੀ ਦੇ ਨਾਲ ਪੰਜਾਬੀ ਨੂੰ ਜੋੜਨਾ ਬਹੁਤ ਜ਼ਰੂਰੀ ਹੈ, ਤਾਂ ਜੋ ਪੰਜਾਬੀ ਭਾਸ਼ਾ ਸਮੇਂ ਦੇ ਨਾਲ-ਨਾਲ ਅੱਗੇ ਵੱਧ ਸਕੇ। ਉਹਨਾ ਕਿਹਾ ਕਿ ਪੰਜਾਬੀ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ ਹੈ , ਸਗੋਂ ਸਾਡੀ ਪਹਿਚਾਣ , ਸੱਭਿਆਚਾਰ ਅਤੇ ਵਿਰਾਸਤ ਦਾ ਇੱਕ ਅਹਿਮ ਹਿੱਸਾ ਹੈ। ਉਹਨਾ ਕਿਹਾ ਕਿ ਲੋੜ ਇਸ ਗੱਲ ਦੀ ਹੈ ਕਿ ਅਸੀਂ ਪੰਜਾਬੀ ਭਾਸ਼ਾ ਨੂੰ ਸਿਰਫ਼ ਵਰਤੋਂ ਵਿੱਚ ਹੀ ਨਾ ਲਿਆਈਏ, ਸਗੋਂ ਇਸਨੂੰ ਸੰਭਾਲਣ ਅਤੇ ਅੱਗੇ ਵਧਾਉਣ ਲਈ ਵੀ ਯਤਨ ਕਰੀਏ। ਉਹਨਾਂ ਕਿਹਾ ਕਿ ਜੇਕਰ ਅਸੀਂ ਪੰਜਾਬੀ ਭਾਸ਼ਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈ ਰੱਖਾਂਗੇ, ਤਾਂ ਸਾਡੀ ਪੰਜਾਬੀ ਮਾਤਰ ਭਾਸ਼ਾ ਸਦਾ ਜੀਵੰਤ ਰਹੇਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਮਾਣ ਦਾ ਕਾਰਨ ਬਣੇਗੀ। ਉਹਨਾ ਕਿਹਾ ਕਿ ਪੰਜਾਬੀ ਭਾਸ਼ਾ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਲਈ ਆਪਣੀਆ ਜੜ੍ਹਾਂ ਨਾਲ ਜੁੜੇ ਰਹਿਣ ਦਾ ਵੀ ਇੱਕ ਸਾਧਨ ਹੈ ਕਿਉਂਕਿ ਕੈਨੇਡਾ, ਇੰਗਲੈਂਡ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਵੱਸਦੇ ਹਨ। ਉਥੇ ਪੰਜਾਬੀ ਭਾਸ਼ਾ ਸਿੱਖਿਆ, ਮੀਡੀਆ ਅਤੇ ਧਾਰਮਿਕ ਸਥਾਨਾਂ ਰਾਹੀਂ ਜੀਵੰਤ ਰੱਖੀ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਪੰਜਾਬੀ ਭਾਸ਼ਾ ਦੀ ਪਹੁੰਚ ਵੱਧਦੀ ਹੈ, ਸਗੋਂ ਪੰਜਾਬੀ ਸੱਭਿਆਚਾਰ ਦੀ ਪਹਿਚਾਣ ਵੀ ਵਿਸ਼ਵ ਪੱਧਰ ਤੇ ਮਜ਼ਬੂਤ ਹੁੰਦੀ ਹੈ।

# ਸੁਖਬੀਰ ਬਾਦਲ ਵੱਲੋਂ ਕਰਵਾਏ ਵਿਕਾਸ ਦੀ ਗਵਾਹੀ ਹੁਣ ਪੂਰਾ ਪੰਜਾਬ ਭਰ ਰਿਹਾ : ਲਾਲੀ ਬਾਜਵਾ

**ਹੁਸ਼ਿਆਰਪੁਰ 29 ਮਾਰਚ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤੇ ਜਾਣ ਨਾਲ ਪਾਰਟੀ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਹੈ, ਇਹ ਪ੍ਰਗਟਾਵਾ ਜਤਿੰਦਰ ਸਿੰਘ ਲਾਲੀ ਬਾਜਵਾ ਦਾ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਸਨਮਾਨ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਦੇ ਆਗੂਆਂ ਵੱਲੋਂ ਕੀਤਾ ਗਿਆ, ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਰਿੰਦਰ ਸਿੰਘ ਪਰਮਾਰ ਸਕੱਤਰ ਜਨਰਲ, ਐਡਵੋਕੇਟ ਸੂਰਜ ਸਿੰਘ ਬਾਗਪੁਰ ਜਿਲ੍ਹਾ ਪ੍ਰਧਾਨ ਆਰ.ਟੀ.ਆਈ.ਵਿੰਗ ਵੀ ਉਨ੍ਹਾਂ ਨਾਲ ਮੌਜੂਦ ਰਹੇ। ਆਗੂਆਂ ਨੇ ਕਿਹਾ ਕਿ ਲਾਲੀ ਬਾਜਵਾ ਨੇ ਹਮੇਸ਼ਾ ਅਕਾਲੀ ਦਲ ਦੀ ਮਜ਼ਬੂਤੀ ਲਈ ਕੰਮ ਕੀਤਾ, ਜਦੋਂ-ਜਦੋਂ ਵੀ ਪਾਰਟੀ ਉੱਪਰ ਸੰਕਟ ਖੜ੍ਹਾ ਹੋਇਆ ਲਾਲੀ ਬਾਜਵਾ ਨੇ ਤਦ-ਤਦ ਜ਼ਮੀਨੀ ਪੱਧਰ 'ਤੇ ਪਹੁੰਚ ਕਰਕੇ ਲੋਕਾਂ ਤੱਕ ਪਾਰਟੀ ਦੀ ਆਵਾਜ ਪਹੁੰਚਾਈ ਤੇ ਇਹੀ ਕਾਰਨ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਹਮੇਸ਼ਾ ਲਾਲੀ ਬਾਜਵਾ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਰਹੀਆਂ ਹਨ। ਇਸ ਸਮੇਂ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਪੰਜਾਬ ਦੇ ਲੋਕ ਪਿਆਰ ਕਰਦੇ ਹਨ ਅਤੇ 2027 ਵਿੱਚ ਸੂਬੇ ਦੇ ਲੋਕ ਅਕਾਲੀ ਦਲ ਦੀ ਸਰਕਾਰ ਬਣਾਉਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ 2007 ਤੋਂ 2017 ਤੱਕ ਪੰਜਾਬ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਇਸ ਗੱਲ ਦੀ ਗਵਾਹੀ ਹੁਣ ਪੂਰਾ ਪੰਜਾਬ ਭਰ ਰਿਹਾ ਹੈ। ਇਸ ਮੌਕੇ ਬਲਰਾਜ ਸਿੰਘ ਚੌਹਾਨ, ਨੰਬਰਦਾਰ ਤੀਰਥ ਸਿੰਘ ਸਤੌਰ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਜੱਸੀ ਬਾਗਪੁਰ ਜਿਲ੍ਹਾ ਮੀਤ ਪ੍ਰਧਾਨ, ਰਜਵੰਤ ਸਿੰਘ ਜੇ.ਈ., ਤਰਲੋਚਨ ਸਿੰਘ, ਮਨੋਹਰ ਸਿੰਘ ਮਹਿੰਦੀਪੁਰ, ਜਸਵਿੰਦਰ ਸਿੰਘ ਪੰਚ ਮਹਿੰਦੀਪੁਰ, ਅਵਤਾਰ ਸਿੰਘ, ਧਰਮਵੀਰ ਸਿੰਘ ਸਤੌਰ, ਐਡਵੋਕੇਟ ਅੰਕੁਸ਼ ਕੁਮਾਰ, ਮਨਦੀਪ ਸਿੰਘ ਢੀਂਡਸਾ, ਐਡਵੋਕੇਟ ਰਮਨਪ੍ਰੀਤ ਰਿਯਾਤ, ਮੈਨੇਜਰ ਅਵਤਾਰ ਸਿਘ, ਦਵਿੰਦਰ ਸਿੰਘ ਡਿੰਪੀ ਬੋਦਲ ਆਦਿ ਵੀ ਮੌਜੂਦ ਸਨ।



**ਫੋਟੋ ਅਜਮੇਰ ਦੀਵਾਨਾ**

# ਬੇਗਮਪੁਰਾ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਸਾਨੋ ਸ਼ੌਕਤ ਨਾਲ 3 ਅਪ੍ਰੈਲ ਨੂੰ ਹੋਵੇਗੀ ਆਰੰਭ : ਸੰਤ ਨਿਰਮਲ ਦਾਸ, ਸੰਤ ਇੰਦਰ ਦਾਸ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਪਿਛਲੇ ਸਾਲਾਂ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਇਸ ਵਰ੍ਹੇ ਦੀ "ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ" ਦੇ ਸੁਚੱਜੇ ਪ੍ਰਬੰਧਾਂ ਹੇਠ ਇਸ ਵਾਰ ਵੀ 3 ਅਪ੍ਰੈਲ ਨੂੰ ਬੇਗਮਪੁਰਾ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਰੇਲਵੇ ਸਟੇਸ਼ਨ ਜਲੰਧਰ ਤੋਂ ਦੁਪਹਿਰ 1 ਵਜੇ ਤੋਂ ਆਰੰਭ ਹੋਕੇ ਹਰਿਦੁਆਰ ਨਿਰਮਲਾ ਛਾਉਣੀ ਆਸ਼ਰਮ ਵਿਖੇ ਪਹੁੰਚੇਗੀ ! ਇਸ ਸਬੰਧੀ ਜਾਣਕਾਰੀ ਦਿੰਦਿਆਂ "ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਅਤੇ ਸੁਸਾਇਟੀ ਦੇ ਜਨਰਲ ਸਕੱਤਰ ਸੰਤ ਇੰਦਰ ਦਾਸ ਜੀ ਸ਼ੇਖੇ ਨੇ ਕਿਹਾ ਕਿ ਬੇਗਮਪੁਰਾ ਇਤਿਹਾਸਕ ਦਮੜੀ ਸ਼ੋਭਾ ਯਾਤਰਾ 3 ਅਪ੍ਰੈਲ ਨੂੰ ਰੇਲਵੇ ਸਟੇਸ਼ਨ ਜਲੰਧਰ ਤੋਂ ਦੁਪਹਿਰ 1 ਵਜੇ ਆਰੰਭ ਹੋਵੇਗੀ ਅਤੇ 4 ਅਪ੍ਰੈਲ ਨੂੰ ਹਰਿਦੁਆਰ ਵਿਖੇ ਨਿਰਮਲਾ ਛਾਉਣੀ ਆਸ਼ਰਮ ਤੋਂ ਹਰਿ



ਕੀ ਪਾਉੜੀ ਤੱਕ ਪੈਦਲ ਸ਼ੋਭਾ ਯਾਤਰਾ ਹੋਵੇਗੀ।ਓਹਨਾਂ ਕਿਹਾ ਕਿ 5 ਅਪ੍ਰੈਲ ਨੂੰ ਸ੍ਰੀ ਆਖੰਡ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ, ਉਪਰੰਤ ਸੰਗਤਾਂ ਪੰਜਾਬ ਲਈ ਵਾਪਸੀ ਕਰਨਗੀਆਂ ਉਹਨਾਂ ਕਿਹਾ ਕਿ ਇਹ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਸਤਿਗੁ-ਰੁ ਰਵਿਦਾਸ ਮਹਾਰਾਜ ਜੀ ਅਤੇ ਹੋਰ ਗੁਰੂਆਂ, ਕੌਮ ਦੇ ਮਹਾਨ ਰਹਿਬਰਾਂ ਦੀ ਕ੍ਰਾਂਤੀਕਾਰੀ ਬਾਣੀ ਅਤੇ ਫਲਸਫੇ ਲਈ ਅਹਿਮ ਮਾਧਿਅਮ ਸਾਬਤ ਹੋ ਰਹੀ ਹੈ। ਇਸ ਮੌਕੇ ਸੰਤ ਮਹਾਂਪੁਰਸ਼ਾਂ ਨੇ ਕਿਹਾ ਸੰਗਤਾਂ ਆਪਣੀਆਂ ਟਿਕਟਾਂ ਵੱਖ-ਵੱਖ ਡੇਰਿਆਂ ਤੋਂ ਬੁੱਕ ਕਰਵਾ ਸਕਦੇ ਹਨ।ਉਨ੍ਹਾਂ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਅਪੀਲ ਕੀਤੀ ਕਿ ਉਹ ਸੰਗਤਾਂ ਦੀਆਂ - ਲਿਸਟਾਂ ਸੂਚੀਬੱਧ ਕਰਕੇ ਮੁੱਖ ਦਫਤਰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ, ਡੇਰਾ ਸੰਤ ਪ੍ਰੀਤਮ ਦਾਸ ਬਾਬੇ ਜੋੜੇ ਰਾਇਪੁਰ, ਡੇਰਾ ਸੰਤ ਇੰਦਰ ਦਾਸ ਸੇਖੇ ਵਿਖੇ ਪਹੁੰਚਾਉਣ ਦੀ ਕ੍ਰਿਪਾਲਤਾ ਕਰਨ। ਇਸ ਮੌਕੇ ਹੋਰਨਾਂ ਟੀ ਇਲਾਵਾ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਪਰਮਜੀਤ ਦਾਸ ਨਗਰ, ਸੰਤ ਸਰਵਣ ਦਾਸ ਸਲੇਮਟਾਵਰੀ ਲੁਧਿਆਣਾ ਵਾਲੇ , ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਸੰਤ ਬਲਵੰਤ ਸਿੰਘ ਡਿਗਰੀਆਂ ਆਦਿ ਹਾਜ਼ਰ ਸਨ !

# ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਇਸਨੂੰ ਗੱਲਬਾਤ ਨਾਲ ਵੀ ਨਜਿੱਠਿਆ ਜਾ ਸਕਦਾ ਹੈ : ਬੇਗਮਪੁਰਾ ਟਾਈਗਰ ਫੋਰਸ

**ਨਫ਼ਰਤ ਦੀ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਬੰਨ੍ਹੇ ਟਪਾ ਦਿੰਦੀ ਹੈ : ਨੇਕੂ,ਹੈਪੀ,ਬੱਧਣ**

**ਹੁਸ਼ਿਆਰਪੁਰ 29 ਮਾਰਚ ( ਤਰਸੇਮ ਦੀਵਾਨਾ )** - ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਤੇ ਕੌਮੀ ਪ੍ਰਧਾਨ ਧਰਮਪਾਲ ਸਾਹ-ਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਦੋਆਬਾ ਪ੍ਰਧਾਨ ਨੇਕੂ ਅਜਨੋਹਾਂ, ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਅਤੇ ਸਹਿਰੀ ਪ੍ਰਧਾਨ ਪਵਨ ਕੁਮਾਰ ਬੱਧਣ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਵਕਤ ਅਮਰੀਕਾ,ਈਰਾਨ,ਇਰਾਕ, ਇਜਰਾਇਲ ਆਦਿ ਦੇਸ਼ਾ ਵਿੱਚ ਜੰਗ ਲੱਗੀ ਹੋਈ ਹੈ ਮਨੁੱਖ ਦੁਆਰਾ ਮਨੁੱਖ ਨੂੰ ਹਥਿਆਰਾਂ ਨਾਲ ਮਾਰਿਆ ਜਾ ਰਿਹਾ ਹੈ ਨਫ਼ਰਤ ਦੀ ਇਹ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਹੱਦਾਂ ਬੰਨ੍ਹੇ ਟਪਾ ਰਹੀ ਹੈ। ਪਰ ਇਸ ਸਭ ਕਾਸੇ ਦਾ ਸਿੱਟਾ ਸਿਰਫ ਤੇ ਸਿਰਫ ਸਿਫਰ ਹੈ ! ਉਹਨਾਂ ਕਿਹਾ ਕਿ ਬੇਲੋੜਾ ਹਥਿਆਰਾਂ ਤੇ ਖ਼ਰਚਾ ਤੇ ਇਕ ਦੂਜੇ ਪ੍ਰਤੀ ਨਫ਼ਰਤ ਦੀ ਅੱਗ ਕੀ ਇਹੋ ਇਨਸਾਨੀਅਤ ਹੈ ਇਸ ਬਾਰੇ ਅੱਜ ਹਰ ਇਨਸਾਨ ਤੇ ਹਰ ਦੇਸ਼ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਸੋਚਣ ਦੀ ਲੋੜ ਹੈ। ਉਹਨਾਂ ਕਿਹਾ ਕਿ ਦਿਲਾ ਵਿੱਚ



ਇਹੋ ਜਿਹੀ ਨਫ਼ਰਤ ਨੂੰ ਲੈ ਕੇ ਇਹੋ ਹਾਲ ਅੱਗੇ ਦੁਨੀਆ ਵਿੱਚ ਵੱਸਦੇ 8 ਅਰਬ ਤੋਂ ਉੱਪਰ ਸ਼ਾਹ ਲੈ ਰਹੇ ਮਨੁਖਾਂ ਦਾ ਕਿ ਹਾਲ ਹੋਵੇਗਾ । ਉਹਨਾਂ ਕਿਹਾ ਕਿ ਪ੍ਰਮਾਤਮਾ ਨੇ ਇਨਸਾਨ ਨੂੰ ਧਰਤੀ ਉੱਤੇ ਮੋਹ ਮੁਹੱਬਤ ਤੇ ਪਿਆਰ ਵੰਡਣ ਲਈ ਭੇਜਿਆ ਹੈ। ਪਰ ਪੈਸੇ ਤੇ ਫੋਕੀ ਸ਼ੋਹਰਤ ਲਈ ਇਨਸਾਨ ਆਪਸ ਚ ਈਰਖਾ ਕਰਕੇ ਇਨਸਾਨੀਅਤ ਨੂੰ ਭੁੱਲ ਚੁੱਕਾ ਹੈ ਜਿਸਦੇ ਸਿੱਟੇ ਵਜੋਂ ਸੰਸਾਰ ਚ ਲੁੱਟ ਖੋਹ ਤੇ ਮਾਰ ਧਾੜ ਸਿਖਰਾਂ ਤੇ ਹੈ।ਉਹਨਾਂ ਕਿਹਾ ਕਿ ਲਾਲਚ ਵਿੱਚ ਇਨਸਾਨ ਆਪਸੀ ਸਕੇ ਰਿਸ਼ਤੇ ਨਾਤੇ ਵੀ ਗੁਆਂਉਦਾ ਨਜ਼ਰ ਆ ਰਿਹਾ ਹੈ ਜਦ ਕਿ ਇਹ ਇਕ ਕੌੜਾ ਸੱਚ ਹੈ ਕਿ ਇਨਸਾਨ ਦੇ ਨਾਲ ਕੁਝ ਨਹੀਂ ਜਾਣਾ ਤੇ ਉਸ ਨੇ ਖਾਲੀ ਹੱਥ ਜਾਣਾ ਹੈ ਫਿਰ ਵੀ ਇਨਸਾਨ ਪੈਸੇ ਦੀ ਦੌੜ ਚ ਪਾਗਲ ਹੋਇਆ ਫਿਰਦਾ ਹੈ ਤੇ ਖ਼ੁਦ ਨੂੰ ਟੈਨਸ਼ਨਾਂ ਚ ਪਾ ਹਰ ਪਲ ਉਲਝਿਆ ਰਹਿੰਦਾ ਹੈ। ਉਹਨਾ ਕਿਹਾ ਕਿ ਇਹ ਇਨਸਾਨੀਅਤ ਨਹੀਂ ਹੈ ਤੇ ਨਾ ਹੀ ਇਨਸਾਨੀਅਤ ਦਾ ਕੋਈ ਧਰਮ ਹੈ। ਉਹਨਾਂ ਕਿਹਾ ਇਨਸਾਨ ਨੂੰ ਪੈਸੇ ਦਾ ਲੋਭ ਲਾਲਚ ਛੱਡ ਕਿ ਇਨਸਾਨੀਅਤ ਦੀ ਸਾਦੀ ਜਿੰਦਗੀ ਜਿਉਣੀ ਚਾਹੀਦੀ ਹੈ ਤੇ ਹਰ ਮਨੁੱਖ ਦਾ ਭਲਾ ਕਰਨ ਦੀ ਕੋਸ਼ਿਸ਼ ਕਰਨ ਦੇ ਯਤਨ ਵਿੱਚ ਜੁੱਟਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਮਨੁੱਖ ਨੂੰ ਨਫ਼ਰਤ ਦੇ ਬੀਜ ਬੀਜਣ ਦੀ ਥਾਂ ਮੋਹ ਮੁਹੱਬਤ ਤੇ ਪਿਆਰ ਦੇ ਬੀਜ ਬੀਜਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਨਫ਼ਰਤ ਇਨਸਾਨ ਨੂੰ ਮੁਕਾਉਂਦੀ ਹੈ ਤੇ ਮੁਹੱਬਤ ਜਿੰਦਗੀ ਨੂੰ ਸੋਹਣਾ ਬਣਾਉਂਦੀ ਹੈ ! ਉਹਨਾ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ । ਹਰ ਮਸਲਾ ਗੱਲਬਾਤ ਨਾਲ ਨਜਿੱਠਿਆ ਜਾ ਸਕਦਾ ਹੈ। ਫੇਰ ਭਾਂਵੇ ਉਹ ਮਸਲਾ ਵੱਖ ਵੱਖ ਦੇਸ਼ ਚ ਛਿੜੀ ਜੰਗ ਦਾ ਹੋਵੇ ਜਾ ਕਿਸੇ ਘਰ ਦਾ ਮਸਲਾ ਹੋਵੇ ।

ਫੋਟੋ ਅਜਮੇਰ ਦੀਵਾਨਾ

# ਡਾ. ਬੀ. ਆਰ. ਅੰਬੇਡਕਰ ਨੇ ਸਿੱਖ ਧਰਮ ਨੂੰ ਕਿਉਂ ਨਹੀਂ ਅਪਣਾਇਆ? ਇੱਕ ਆਲੋਚਨਾਤਮਕ ਅੰਬੇਡਕਰਵਾਦੀ ਵਿਸ਼ਲੇਸ਼ਣ

ਇਹ ਸਵਾਲ ਕਿ ਬੀ. ਆਰ. ਅੰਬੇਡਕਰ ਨੇ 1930 ਦੇ ਦਹਾਕੇ ਦੇ ਮੱਧ ਵਿੱਚ ਗੰਭੀਰਤਾ ਨਾਲ ਵਿਚਾਰ ਕਰਨ ਦੇ ਬਾਵਜੂਦ, ਸਿੱਖ ਧਰਮ ਨੂੰ ਕਿਉਂ ਨਹੀਂ ਅਪਣਾਇਆ, ਆਧੁਨਿਕ ਭਾਰਤੀ ਬੌਧਿਕ ਅਤੇ ਰਾਜਨੀਤਿਕ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਅੰਬੇਡਕਰ ਦੀ ਇੱਕ ਨਵੇਂ ਧਰਮ ਦੀ ਖੋਜ ਸਿਰਫ਼ ਇੱਕ ਨਿੱਜੀ ਅਧਿਆਤਮਿਕ ਖੋਜ ਨਹੀਂ ਸੀ, ਸਗੋਂ ਇੱਕ ਸਮੂਹਿਕ ਪ੍ਰੋਜੈਕਟ ਸੀ ਜਿਸਦਾ ਉਦੇਸ਼ ਦੱਬੇ-ਕੁਚਲੇ ਵਰਗਾਂ (ਦਲਿਤ) ਦੀ ਮੁਕਤੀ ਸੀ। ਯੇਓਲਾ ਕਾਨਫਰੰਸ ਵਿੱਚ ਉਨ੍ਹਾਂ ਦਾ ਮਸ਼ਹੂਰ ਐਲਾਨ - "ਮੈਂ ਇੱਕ ਹਿੰਦੂ ਪੈਦਾ ਹੋਇਆ ਸੀ, ਪਰ ਮੈਂ ਇੱਕ ਹਿੰਦੂ ਨਹੀਂ ਮਰਾਂਗਾ" - ਨੇ ਵਿਕਲਪਿਕ ਧਾਰਮਿਕ ਪਰੰਪਰਾਵਾਂ ਦੀ ਇੱਕ ਯੋਜਨਾਬੱਧ ਖੋਜ ਸ਼ੁਰੂ ਕੀਤੀ।

ਵਿਚਾਰੇ ਗਏ ਵਿਕਲਪਾਂ ਵਿੱਚੋਂ, ਸਿੱਖ ਧਰਮ ਆਪਣੀਆਂ ਸਮਾਨਤਾਵਾਦੀ ਸਿੱਖਿਆਵਾਂ ਅਤੇ ਬ੍ਰਾਹਮਣਵਾਦੀ ਦਰਜਾਬੰਦੀ ਦੇ ਇਤਿਹਾਸਕ ਵਿਰੋਧ ਦੇ ਕਾਰਨ ਇੱਕ ਮਜ਼ਬੂਤ ਉਮੀਦਵਾਰ ਵਜੋਂ ਉਭਰਿਆ। ਹਾਲਾਂਕਿ, ਅੰਬੇਡਕਰ ਨੇ ਅਖੀਰ ਵਿੱਚ ਸਿੱਖ ਧਰਮ ਨੂੰ ਰੱਦ ਕਰ ਦਿੱਤਾ ਅਤੇ 1956 ਵਿੱਚ ਬੁੱਧ ਧਰਮ ਨੂੰ ਅਪਣਾ ਲਿਆ। ਇਹ ਲੇਖ ਦਲੀਲ ਦਿੰਦਾ ਹੈ ਕਿ ਅੰਬੇਡਕਰ ਦੁਆਰਾ ਸਿੱਖ ਧਰਮ ਨੂੰ ਰੱਦ ਕਰਨਾ ਤਿੰਨ ਆਪਸੀ ਸੰਬੰਧਾਂ 'ਤੇ ਅਧਾਰਤ ਸੀ: ਸਿੱਖ ਸਮਾਜਿਕ ਅਭਿਆਸ ਵਿੱਚ ਜਾਤ ਦੀ ਨਿਰੰਤਰਤਾ, ਰਾਜਨੀਤਿਕ ਖੁਦਮੁਖਤਿਆਰੀ ਅਤੇ ਸੁਰੱਖਿਆ ਲਈ ਪ੍ਰਭਾਵ, ਅਤੇ ਇੱਕ ਪੈਨ-ਇੰਡੀਅਨ ਮੁਕਤੀ ਢਾਂਚੇ ਵਜੋਂ ਸੇਵਾ ਕਰਨ ਵਿੱਚ ਸਿੱਖ ਧਰਮ ਦੀਆਂ ਸੀਮਾਵਾਂ।

I. ਧਰਮ ਲਈ ਅੰਬੇਡਕਰ ਦਾ ਮਾਪਦੰਡ: ਇੱਕ ਸਮਾਜਿਕ ਅਤੇ ਨੈਤਿਕ ਢਾਂਚਾ

ਸਿੱਖ ਧਰਮ ਦੇ ਅੰਬੇਡਕਰ ਦੇ ਮੁਲਾਂਕਣ ਨੂੰ ਧਰਮ ਦੇ ਉਨ੍ਹਾਂ ਦੇ ਵਿਆਪਕ ਦਰਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਝਿਆ ਜਾਣਾ ਚਾਹੀਦਾ ਹੈ, ਜੋ ਕਿ ਜਾਤ ਦੇ ਵਿਨਾਸ਼ ਵਿੱਚ ਸਭ ਤੋਂ ਸਪਸ਼ਟ ਤੌਰ 'ਤੇ ਦਰਸਾਇਆ ਗਿਆ ਹੈ। ਸ਼ੁੱਧ ਧਰਮ ਸ਼ਾਸਤਰੀ ਪਰਿਭਾਸ਼ਾਵਾਂ ਨੂੰ ਰੱਦ ਕਰਦੇ ਹੋਏ, ਉਸਨੇ ਧਰਮ ਨੂੰ ਸਮਾਜਿਕ ਨੈਤਿਕਤਾ ਦੀ ਇੱਕ ਪ੍ਰਣਾਲੀ ਵਜੋਂ ਕਲਪਨਾ ਕੀਤੀ। ਇੱਕ ਜਾਇਜ਼ ਧਰਮ, ਉਸਦੇ ਵਿਚਾਰ ਵਿੱਚ, ਆਜ਼ਾਦੀ, ਸਮਾਨ-ਤਾ ਅਤੇ ਭਾਈਚਾਰੇ ਨੂੰ ਕਾਇਮ ਰੱਖਣਾ ਚਾਹੀਦਾ ਹੈ, ਅਤੇ ਇਹਨਾਂ ਸਿਧਾਂਤਾਂ ਨੂੰ ਜੀਵਤ ਸਮਾਜਿਕ ਸਬੰਧਾਂ ਵਿੱਚ ਅਨੁਵਾਦ ਕਰਨਾ ਚਾਹੀਦਾ ਹੈ।

ਅੰਬੇਡਕਰ ਨੇ ਉਨ੍ਹਾਂ ਧਰਮਾਂ ਦੀ ਤਿੱਖੀ ਆਲੋਚਨਾ ਕੀਤੀ ਜੋ ਲੜੀਵਾਰ ਢਾਂਚੇ ਨੂੰ ਬਣਾਈ ਰੱਖਦੇ ਹਨ:

"ਇੱਕ ਧਰਮ ਜੋ ਆਪਣੇ ਅਨੁਯਾਈਆਂ ਵਿਚਕਾਰ ਵਿਤਕਰਾ ਕਰਦਾ ਹੈ... ਧਰਮ ਕਹਾਉਣ ਦੇ ਯੋਗ ਨਹੀਂ ਹੈ" (BAWS ਭਾਗ 1) ।

ਉਸਨੇ ਅੱਗੇ ਦਲੀਲ ਦਿੱਤੀ ਕਿ ਜਾਤ ਸਿਰਫ਼ ਕਿਰਤ ਦੀ ਵੰਡ ਨਹੀਂ ਹੈ ਸਗੋਂ ਮਜ਼ਦੂਰਾਂ ਦੀ ਵੰਡ ਹੈ, ਇਸ ਤਰ੍ਹਾਂ ਇਸਨੂੰ ਕਿਸੇ ਵੀ ਅਸਲੀ ਲੋਕਤੰਤਰੀ ਵਿਵਸਥਾ ਦੇ ਅਨੁਕੂਲ ਨਹੀਂ ਬਣਾਉਂਦਾ। ਇਹ ਮਾਪਦੰਡ ਸਿੱਖ ਧਰਮ ਦਾ ਮੁਲਾਂਕਣ ਕਰਨ ਲਈ ਮਾਪਦੰਡ ਬਣ ਗਏ। ਅੰਬੇਡਕਰ ਲਈ ਮਹੱਤਵਪੂਰਨ ਸਵਾਲ ਇਹ ਨਹੀਂ ਸੀ ਕਿ ਕੀ ਸਿੱਖ ਗ੍ਰੰਥਾਂ ਨੇ ਜਾਤ-ਪਾਤ ਨੂੰ ਰੱਦ ਕੀਤਾ ਸੀ, ਸਗੋਂ ਇਹ ਸੀ ਕਿ ਕੀ ਸਿੱਖ ਸਮਾਜ ਨੇ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰ ਦਿੱਤਾ ਸੀ।

II. ਸਿੱਖ ਧਰਮ ਇੱਕ ਗੰਭੀਰ ਵਿਕਲਪ ਵਜੋਂ: ਇਤਿਹਾਸਕ ਸ਼ਮੂਲੀਅਤ (1935–1937)

ਯੇਓਲਾ ਐਲਾਨਨਾਮੇ ਤੋਂ ਬਾਅਦ, ਅੰਬੇਡਕਰ ਨੇ ਸਿੱਖ ਆਗੂਆਂ ਨਾਲ ਗੱਲਬਾਤ ਕੀਤੀ, ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਵੀ ਸ਼ਾਮਲ ਸਨ। ਇਹ ਚਰਚਾਵਾਂ ਪ੍ਰਤੀਕਾਤਮਕ ਨਹੀਂ ਸਨ; ਉਨ੍ਹਾਂ ਵਿੱਚ ਦਲਿਤਾਂ ਦੇ ਸਿੱਖ ਧਰਮ ਵਿੱਚ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਲਈ ਠੋਸ ਪ੍ਰਸਤਾਵ ਸ਼ਾਮਲ ਸਨ। ਧਰਮ ਪਰਿਵਰਤਨ ਪ੍ਰਤੀ ਅੰਬੇਡਕਰ ਦਾ ਦ੍ਰਿਸ਼ਟੀਕੋਣ ਡੂੰਘਾਈ ਨਾਲ ਵਿਹਾਰਕ ਸੀ। ਉਸਨੇ ਇਸਨੂੰ ਇੱਕ ਸਮਾਜਿਕ-ਰਾਜਨੀਤਿਕ ਤਬਦੀਲੀ ਵਜੋਂ ਮੰਨਿਆ ਜਿਸ ਲਈ ਸੰਸਥਾਗਤ ਗਰੰਟੀਆਂ ਦੀ ਲੋੜ ਸੀ। ਉਨ੍ਹਾਂ ਦੀਆਂ ਮੰਗਾਂ ਵਿੱਚ ਸ਼ਾਮਲ ਸਨ:

• ਸਿੱਖ ਧਾਰਮਿਕ ਸੰਸਥਾਵਾਂ ਦੇ ਅੰਦਰ ਦਲਿਤ ਧਰਮ ਪਰਿਵਰਤਨ ਲਈ ਬਰਾਬਰ ਦਾ ਦਰਜਾ
• ਸਿੱਖ ਸ਼ਾਸਨ ਸੰਸਥਾਵਾਂ ਵਿੱਚ ਪ੍ਰਤੀਨਿਧਤਾ
• ਇਹ ਭਰੋਸਾ ਕਿ ਜਾਤ-ਅਧਾਰਤ ਵਿਤਕਰਾ ਜਾਰੀ ਨਹੀਂ ਰਹੇਗਾ
• ਰਾਜਨੀਤਿਕ ਅਧਿਕਾਰਾਂ ਅਤੇ ਸੁਰੱਖਿਆ ਦੀ ਰੱਖਿਆ

ਇਹ ਦਰਸਾਉਂਦਾ ਹੈ ਕਿ ਅੰਬੇਡਕਰ ਧਰਮ ਨੂੰ ਰਾਜਨੀਤੀ ਤੋਂ ਵੱਖਰਾ ਨਹੀਂ ਸਮਝਦੇ ਸਨ। ਇਸ ਦੀ ਬਜਾਏ, ਉਹ ਧਾਰਮਿਕ ਧਰਮ



ਪਰਿਵਰਤਨ ਨੂੰ ਸਮਾਜਿਕ ਸ਼ਕਤੀ ਦੇ ਪੁਨਰਗਠਨ ਦੇ ਸਾਧਨ ਵਜੋਂ ਦੇਖਦੇ ਸਨ।

III. ਸਿੱਖ ਸਮਾਜਿਕ ਅਭਿਆਸ ਵਿੱਚ ਜਾਤ ਦੀ ਦ੍ਰਿੜਤਾ

ਸਿੱਖ ਧਰਮ ਦੇ ਜਾਤ-ਪਾਤ ਦੇ ਸਿਧਾਂਤਕ ਅਸਵੀਕਾਰ ਦੇ ਬਾਵਜੂਦ, ਅੰਬੇਡਕਰ ਨੇ ਪਾਇਆ ਕਿ ਜਾਤ-ਪਾਤ ਦੇ ਭੇਦਭਾਵ ਅਭਿਆਸ ਵਿੱਚ ਕਾਇਮ ਹਨ। ਉਨ੍ਹਾਂ ਦੇ ਭਾਸ਼ਣਾਂ ਅਤੇ ਲਿਖਤਾਂ ਵਿੱਚ ਪ੍ਰਤੀਬਿੰਬਤ ਉਨ੍ਹਾਂ ਦੇ ਨਿਰੀਖਣ ਸਿੱਖ ਆਦਰਸ਼ਾਂ ਅਤੇ ਸਮਾਜਿਕ ਹਕੀਕਤ ਵਿਚਕਾਰ ਇੱਕ ਬੁਨਿਆਦੀ ਵਿਰੋਧਾਭਾਸ ਵੱਲ ਇਸ਼ਾਰਾ ਕਰਦੇ ਹਨ।

ਉਸਨੇ ਨੋਟ ਕੀਤਾ ਕਿ ਸਿੱਖਾਂ ਵਿੱਚ ਜਾਤ ਵਰਗੀ ਵੰਡ ਜਾਰੀ ਰਹੀ, ਵੱਖਰੇ ਗੁਰਦੁਆਰੇ ਅਤੇ ਪ੍ਰਮੁੱਖ ਜਾਤੀ ਸਿੱਖਾਂ (ਜਿਵੇਂ ਕਿ ਜੱਟ) ਅਤੇ ਦਲਿਤ ਸਿੱਖਾਂ (ਅਕਸਰ ਮਜ਼੍ਹਬੀ ਸਿੱਖ ਵਜੋਂ ਜਾਣੇ ਜਾਂਦੇ ਹਨ) ਵਿਚਕਾਰ ਸਮਾਜਿਕ ਅਲੱਗ-ਥਲੱਗਤਾ ਦੇ ਨਾਲ। ਇਹ ਅਨੁਭਵੀ ਨਿਰੀਖਣ ਫੈਸਲਾਕੁੰਨ ਸੀ।

ਅੰਬੇਡਕਰ ਲਈ, ਜਾਤ ਨੂੰ ਅਮਲ ਵਿੱਚ ਖਤਮ ਕਰਨ ਵਿੱਚ ਅਸਫਲਤਾ ਨੇ ਕਿਸੇ ਵੀ ਧਰਮ ਦੀ ਨੈਤਿਕ ਭਰੋਸੇਯੋਗਤਾ ਨੂੰ ਕਮਜ਼ੋਰ ਕੀਤਾ। ਉਸਦੀ ਸਥਿਤੀ ਸਪੱਸ਼ਟ ਸੀ: ਇੱਕ ਧਰਮ ਨੂੰ ਇਸਦੇ ਸਮਾਜਿਕ ਨਤੀਜਿਆਂ ਦੁਆਰਾ ਨਿਰਣਾ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਸਿਰਫ ਇਸਦੇ ਦਾਰਸ਼ਨਿਕ ਦਾਅਵਿਆਂ ਦੁਆਰਾ। ਇਸ ਅਰਥ ਵਿੱਚ, ਸਿੱਖ ਧਰਮ, ਹਿੰਦੂ ਧਰਮ ਵਾਂਗ, ਜਾਤ-ਪਾਤ ਦੇ ਦਰਜੇਬੰਦੀ ਦੇ ਗੁਰੂਤਾ ਖਿੱਚ ਤੋਂ ਪੂਰੀ ਤਰ੍ਹਾਂ ਬਚਣ ਵਿੱਚ ਅਸਮਰੱਥ ਦਿਖਾਈ ਦਿੱਤਾ।

IV. ਰਾਜਨੀਤਿਕ ਖੁਦਮੁਖਤਿਆਰੀ ਅਤੇ ਸੁਰੱਖਿਆ ਦਾ ਸਵਾਲ

ਅੰਬੇਡਕਰ ਦੁਆਰਾ ਸਿੱਖ ਧਰਮ ਨੂੰ ਰੱਦ ਕਰਨ ਦਾ ਦੂਜਾ ਵੱਡਾ ਕਾਰਕ ਰਾਜਨੀਤਿਕ ਖੁਦਮੁਖਤਿਆਰੀ ਲਈ ਉਸਦੀ ਚਿੰਤਾ ਸੀ। ਆਪਣੇ ਪੂਰੇ ਕਰੀਅਰ ਦੌਰਾਨ, ਅੰਬੇਡਕਰ ਨੇ ਸਮਾਜਿਕ ਮੁਕਤੀ ਲਈ ਰਾਜਨੀਤਿਕ ਸ਼ਕਤੀ ਦੀ ਕੇਂਦਰੀਤਾ 'ਤੇ ਜ਼ੋਰ ਦਿੱਤਾ। ਜਿਵੇਂ ਕਿ ਉਸਨੇ ਮਸ਼ਹੂਰ ਤੌਰ 'ਤੇ ਕਿਹਾ, "ਰਾਜਨੀਤਿਕ ਸ਼ਕਤੀ ਸਾਰੀ ਸਮਾਜਿਕ ਤਰੱਕੀ ਦੀ ਕੁੰਜੀ ਹੈ।"

ਸਿੱਖ ਧਰਮ ਵਿੱਚ ਤਬਦੀਲੀ ਨੇ ਗੁੰਝਲਦਾਰ ਰਾਜਨੀਤਿਕ ਸਵਾਲ ਖੜ੍ਹੇ ਕੀਤੇ। ਸਿੱਖ ਧਰਮ, ਉਸ ਸਮੇਂ, ਇੱਕ ਘੱਟ ਗਿਣਤੀ ਧਰਮ ਸੀ ਜੋ ਮੁੱਖ ਤੌਰ 'ਤੇ ਪੰਜਾਬ ਵਿੱਚ ਕੇਂਦਰਿਤ ਸੀ। ਅੰਬੇਡਕਰ ਨੂੰ ਡਰ ਸੀ ਕਿ ਸਿੱਖ ਧਰਮ ਅਪਣਾਉਣ ਵਾਲੇ ਦਲਿਤ "ਘੱਟ ਗਿਣਤੀ ਦੇ ਅੰਦਰ ਘੱਟ ਗਿਣਤੀ" ਬਣ ਜਾਣਗੇ, ਜਿਸ ਨਾਲ ਉਨ੍ਹਾਂ ਦੀ ਸਮੂਹਿਕ ਸੌਦੇਬਾਜ਼ੀ ਦੀ ਸ਼ਕਤੀ ਕਮਜ਼ੋਰ ਹੋ ਜਾਵੇਗੀ।

ਇਸ ਤੋਂ ਇਲਾਵਾ, ਸੰਵਿਧਾਨਕ ਸੁਰੱਖਿਆ ਦੇ ਤਹਿਤ ਦਲਿਤਾਂ ਦੇ ਦਰਜੇ ਬਾਰੇ ਅਨਿਸ਼ਚਿਤਤਾ ਸੀ ਜੇਕਰ ਉਹ ਧਰਮ ਪਰਿਵਰਤਨ ਕਰਦੇ ਹਨ। ਕੀ ਉਹ ਵੱਖਰੇ ਚੋਣ ਖੇਤਰਾਂ ਜਾਂ ਰਾਖਵੇਂਕਰਨ ਦੇ ਲਾਭਾਂ ਨੂੰ ਬਰਕਰਾਰ ਰੱਖਣਗੇ? ਕੀ ਉਨ੍ਹਾਂ ਨੂੰ ਸਿੱਖ ਰਾਜਨੀਤਿਕ ਲੀਡਰਸ਼ਿਪ ਅਧੀਨ ਸ਼ਾਮਲ ਕੀਤਾ ਜਾਵੇਗਾ? ਇਨ੍ਹਾਂ ਅਣਸੁਲਝੇ ਸਵਾਲਾਂ ਨੇ ਸਿੱਖ ਧਰਮ ਅਪਣਾਉਣ ਨੂੰ ਇੱਕ ਜੋਖਮ ਭਰੀ ਰਾਜਨੀਤਿਕ ਰਣਨੀਤੀ ਬਣਾ ਦਿੱਤਾ।

ਸੰਵਿਧਾਨਕ ਸੁਧਾਰਾਂ ਨਾਲ ਅੰਬੇਡਕਰ ਦੀ ਪਹਿਲਾਂ ਦੀ ਸ਼ਮੂਲੀਅਤ, ਜਿਸ ਵਿੱਚ ਬਸਤੀਵਾਦੀ ਕਮਿਸ਼ਨਾਂ ਦੇ ਸਾਹਮਣੇ ਉਨ੍ਹਾਂ ਦੀ ਗਵਾਹੀ ਵੀ ਸ਼ਾਮਲ ਸੀ, ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਕਾਨੂੰਨੀ ਅਤੇ ਰਾਜਨੀਤਿਕ ਸੁਰੱਖਿਆ ਲਾਜ਼ਮੀ ਸਨ। ਉਹ ਧਾਰਮਿਕ ਧਰਮ ਪਰਿਵਰਤਨ ਲਈ ਇਨ੍ਹਾਂ ਲਾਭਾਂ ਨੂੰ ਖਤਰੇ ਵਿੱਚ ਪਾਉਣ ਲਈ ਤਿਆਰ ਨਹੀਂ ਸੀ ਜੋ ਢਾਂਚਾਗਤ ਸਸ਼ਕਤੀਕਰਨ ਦੀ ਗਰੰਟੀ ਨਹੀਂ ਦਿੰਦਾ ਸੀ।

V. ਖੇਤਰੀ ਸੀਮਾ ਦੀ ਸਮੱਸਿਆ

ਅੰਬੇਡਕਰ ਦੇ ਦ੍ਰਿਸ਼ਟੀਕੋਣ ਤੋਂ ਸਿੱਖ ਧਰਮ ਦੀ ਇੱਕ ਹੋਰ ਸੀਮਾ ਇਸਦੀ ਖੇਤਰੀ ਇਕਾਗਰਤਾ ਸੀ। ਸਿੱਖ ਧਰਮ ਮੁੱਖ ਤੌਰ 'ਤੇ ਪੰਜਾਬ ਵਿੱਚ ਜੜ੍ਹਾਂ ਰੱਖਦਾ ਸੀ ਅਤੇ ਪੂਰੇ ਭਾਰਤ ਵਿੱਚ ਇਸਦੀ ਵਿਆਪਕ ਸੰਸਥਾਗਤ ਮੌਜੂਦਗੀ ਨਹੀਂ ਸੀ। ਹਾਲਾਂਕਿ, ਅੰਬੇਡਕਰ ਦਲਿਤਾਂ ਦੇ ਇੱਕ ਪੈਨ-ਇੰਡੀਅਨ ਅੰਦੋਲਨ ਦੀ ਅਗਵਾਈ ਕਰ ਰਹੇ ਸਨ।

ਉਨ੍ਹਾਂ ਨੂੰ ਇੱਕ ਧਾਰਮਿਕ ਢਾਂਚੇ ਦੀ ਲੋੜ ਸੀ ਜੋ ਭਾਸ਼ਾਈ, ਖੇਤਰੀ ਅਤੇ ਸੱਭਿਆਚਾਰਕ ਸੀਮਾਵਾਂ ਤੋਂ ਪਾਰ ਦੱਬੇ-ਕੁਚਲੇ ਭਾਈਚਾਰਿਆਂ ਨੂੰ ਇਕਜੁੱਟ ਕਰ ਸਕੇ। ਸਿੱਖ ਧਰਮ, ਆਪਣੀਆਂ ਸ਼ਕਤੀਆਂ ਦੇ ਬਾਵਜੂਦ, ਇੰਨੀ ਵਿਸ਼ਾਲ ਸਮਾਜਿਕ ਤਬਦੀਲੀ ਦਾ ਸਮਰਥਨ ਕਰਨ ਲਈ ਲੋੜੀਂਦੀ ਸੰਗਠਨਾਤਮਕ ਪਹੁੰਚ ਨਹੀਂ ਰੱਖਦਾ ਸੀ। ਇਸ ਸੀਮਾ ਨੇ ਸਮੂਹਿਕ ਧਰਮ ਪਰਿਵਰਤਨ ਦੇ ਸਾਧਨ ਵਜੋਂ ਇਸਦੀ ਵਿਵਹਾਰਕਤਾ ਨੂੰ ਹੋਰ ਘਟਾ ਦਿੱਤਾ।

VI. ਇੱਕ ਨਵੀਂ ਪਛਾਣ ਦੀ ਸਿਰਜਣਾ ਵਜੋਂ ਧਰਮ ਪਰਿਵਰਤਨ

ਅੰਬੇਡਕਰ ਦਾ ਪ੍ਰੋਜੈਕਟ ਸਿਰਫ਼ ਹਿੰਦੂ ਧਰਮ ਤੋਂ ਬਚਣ ਲਈ ਨਹੀਂ ਸੀ, ਸਗੋਂ ਦਲਿਤਾਂ ਲਈ ਇੱਕ ਨਵੀਂ, ਸਨਮਾਨਜਨਕ ਪਛਾਣ ਬਣਾਉਣ ਲਈ ਸੀ। ਉਹ ਇੱਕ ਅਜਿਹੇ ਧਰਮ ਦੀ ਭਾਲ ਕਰ ਰਿਹਾ ਸੀ ਜੋ ਅਤੀਤ ਤੋਂ ਇੱਕ ਕੱਟੜਪੰਥੀ ਤੋੜ ਨੂੰ ਸਮਰੱਥ ਬਣਾਵੇ ਅਤੇ ਇੱਕ ਨਵੀਂ ਸਮਾਜਿਕ ਵਿਵਸਥਾ ਦੀ ਨੀਂਹ ਪ੍ਰਦਾਨ ਕਰੇ।

ਹਾਲਾਂਕਿ, ਸਿੱਖ ਧਰਮ ਵਿੱਚ ਧਰਮ ਪਰਿਵਰਤਨ ਨੇ ਪਹਿਲਾਂ ਤੋਂ ਮੌਜੂਦ ਭਾਈਚਾਰੇ ਵਿੱਚ ਆਪਣੇ ਅੰਦਰੂਨੀ ਦਰਜਾਬੰਦੀ ਅਤੇ ਸ਼ਕਤੀ ਢਾਂਚੇ ਦੇ ਨਾਲ ਸਮਾਵੇਸ਼ ਦਾ ਜੋਖਮ ਉਠਾਇਆ। ਅੰਬੇਡਕਰ ਨੂੰ ਚਿੰਤਾ ਸੀ ਕਿ ਦਲਿਤ ਇੱਕ ਖੁਦਮੁਖਤਿਆਰ ਭਾਈਚਾਰੇ ਵਜੋਂ ਨਹੀਂ ਉਭਰਨਗੇ, ਸਗੋਂ ਸਿੱਖ ਸਮਾਜ ਦੇ ਅੰਦਰ ਇੱਕ ਅਧੀਨ ਸਥਿਤੀ 'ਤੇ ਕਬਜ਼ਾ ਕਰਨਗੇ।

ਇਹ ਚਿੰਤਾ ਅੰਬੇਡਕਰ ਦੇ ਵਿਚਾਰ ਦੇ ਇੱਕ ਮੁੱਖ ਪਹਿਲੂ ਨੂੰ ਉਜਾਗਰ ਕਰਦੀ ਹੈ: ਮੁਕਤੀ ਲਈ ਸਿਰਫ਼ ਸ਼ਮੂਲੀਅਤ ਦੀ ਹੀ ਨਹੀਂ, ਸਗੋਂ ਸਵੈ-ਮਾਣ ਅਤੇ ਸਵੈ-ਨਿਰਣੇ ਦੀ ਲੋੜ ਹੁੰਦੀ ਹੈ।

VII. ਬੁੱਧ ਧਰਮ ਨੇ ਹੀ ਅੰਤ ਵਿੱਚ ਅੰਬੇਡਕਰ ਨੂੰ ਕਿਉਂ ਅਪੀਲ ਕੀਤੀ

ਅੰਬੇਡਕਰ ਦਾ ਅੰਤਮ ਤੌਰ 'ਤੇ ਬੁੱਧ ਧਰਮ ਵੱਲ ਮੁੜਨਾ ਇੱਕ ਢੁਕਵੇਂ ਧਾਰਮਿਕ ਢਾਂਚੇ ਦੀ ਖੋਜ ਦੇ ਸਿਖਰ ਨੂੰ ਦਰਸਾਉਂਦਾ ਹੈ। ਸਿੱਖ ਧਰਮ ਦੇ ਉਲਟ, ਬੁੱਧ ਧਰਮ ਦੇ ਕਈ ਫਾਇਦੇ ਸਨ:

• ਇਸਦਾ ਜਾਤੀ ਦਰਜਾਬੰਦੀ ਨਾਲ ਕੋਈ ਇਤਿਹਾਸਕ ਸਬੰਧ ਨਹੀਂ ਸੀ
• ਇਸਨੇ ਤਰਕਸ਼ੀਲਤਾ, ਨੈਤਿਕਤਾ ਅਤੇ ਸਮਾਜਿਕ ਸਮਾਨਤਾ 'ਤੇ ਜ਼ੋਰ ਦਿੱਤਾ
• ਇਸਨੇ ਇੱਕ ਵਿਆਪਕ ਢਾਂਚਾ ਪ੍ਰਦਾਨ ਕੀਤਾ ਜੋ ਕਿਸੇ ਖਾਸ ਖੇਤਰ ਜਾਂ ਭਾਈਚਾਰੇ ਨਾਲ ਜੁੜਿਆ ਨਹੀਂ ਸੀ
• ਇਸਨੇ ਅੰਬੇਡਕਰ ਨੂੰ ਇੱਕ ਆਧੁਨਿਕ, ਸਮਾਜਿਕ ਤੌਰ 'ਤੇ ਜੁੜੇ ਧਰਮ ਦੇ ਰੂਪ ਵਿੱਚ ਇਸਦੀ ਪੁਨਰ ਵਿਆਖਿਆ ਅਤੇ ਪੁਨਰਗਠਨ ਕਰਨ ਦੀ ਆਗਿਆ ਦਿੱਤੀ

ਬੁੱਧ ਅਤੇ ਉਸਦੇ ਧੰਮ ਵਿੱਚ, ਅੰਬੇਡਕਰ ਬੁੱਧ ਧਰਮ ਨੂੰ ਇੱਕ ਅਜਿਹੇ ਧਰਮ ਵਜੋਂ ਪੇਸ਼ ਕਰਦੇ ਹਨ ਜੋ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਵਿਗਿਆਨਕ ਤਰਕ ਨਾਲ ਮੇਲ ਖਾਂਦਾ ਹੈ। ਇਸਨੇ ਉਸਨੂੰ ਉਹ ਬਣਾਉਣ ਦੇ ਯੋਗ ਬਣਾਇਆ ਜਿਸਨੂੰ ਵਿਦਵਾਨ ਅਕਸਰ "ਨਵਯਾਨ ਬੁੱਧ ਧਰਮ" ਕਹਿੰਦੇ ਹਨ, ਜੋ ਕਿ ਦਲਿਤ ਮੁਕਤੀ ਲਈ ਇੱਕ ਨਵਾਂ ਸਾਧਨ ਹੈ।

ਸਿੱਟਾ

ਅੰਬੇਡਕਰ ਦਾ ਸਿੱਖ ਧਰਮ ਨੂੰ ਸਵੀਕਾਰ ਨਾ ਕਰਨ ਦਾ ਫੈਸਲਾ ਨਾ ਤਾਂ ਅਚਾਨਕ ਸੀ ਅਤੇ ਨਾ ਹੀ ਖਾਰਜ ਕਰਨ ਵਾਲਾ। ਇਹ ਧਿਆਨ ਨਾਲ ਅਧਿਐਨ, ਗੱਲਬਾਤ ਅਤੇ ਆਲੋਚਨਾਤਮਕ ਮੁਲਾਂਕਣ ਦਾ ਨਤੀਜਾ ਸੀ। ਜਦੋਂ ਕਿ ਉਹ ਸਿੱਖ ਧਰਮ ਦੇ ਸਮਾਨਤਾਵਾਦੀ ਆਦਰਸ਼ਾਂ ਦੀ ਪ੍ਰਸ਼ੰਸਾ ਕਰਦਾ ਸੀ, ਉਹਨਾ ਨੇ ਪਾਇਆ ਕਿ ਇਸਦੇ ਸਮਾਜਿਕ ਅਭਿਆਸ, ਰਾਜਨੀਤਿਕ ਪ੍ਰਭਾਵ ਅਤੇ ਸੰਸਥਾਗਤ ਸੀਮਾਵਾਂ ਉਸਦੇ ਪਰਿਵਰਤਨਸ਼ੀਲ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਖਾਂਦੀਆਂ ਸਨ।

ਇਸ ਵਿਸ਼ਲੇਸ਼ਣ ਤੋਂ ਤਿੰਨ ਮੁੱਖ ਕਾਰਨ ਉੱਭਰਦੇ ਹਨ:

1. ਸਿੱਖ ਸਮਾਜਿਕ ਜੀਵਨ ਵਿੱਚ ਜਾਤ ਦੀ ਨਿਰੰਤਰਤਾ
2. ਰਾਜਨੀਤਿਕ ਖੁਦਮੁਖਤਿਆਰੀ ਅਤੇ ਸੁਰੱਖਿਆ ਲਈ ਜੋਖਮ
3. ਸਿੱਖ ਧਰਮ ਦੀ ਇੱਕ ਪੈਨ-ਇੰਡੀਅਨ ਮੁਕਤੀ ਢਾਂਚੇ ਵਜੋਂ ਸੇਵਾ ਕਰਨ ਵਿੱਚ ਅਸਮਰੱਥਾ

ਅੰਤ ਵਿੱਚ, ਅੰਬੇਡਕਰ ਦੀ ਚੋਣ ਇੱਕ ਡੂੰਘੀ ਦਾਰਸ਼ਨਿਕ ਵਚਨਬੱਧਤਾ ਨੂੰ ਦਰਸਾਉਂਦੀ ਹੈ: ਧਰਮ ਨੂੰ ਸਮਾਜਿਕ ਨਿਆਂ ਦੇ ਇੱਕ ਸਾਧਨ ਵਜੋਂ ਕੰਮ ਕਰਨਾ ਚਾਹੀਦਾ ਹੈ, ਨਾ ਕਿ ਸਿਰਫ਼ ਜ਼ੁਲਮ ਤੋਂ ਪਨਾਹ ਲਈ। ਸਿੱਖ ਧਰਮ ਨੂੰ ਰੱਦ ਕਰਨਾ ਅਤੇ ਬੁੱਧ ਧਰਮ ਨੂੰ ਅਪਣਾਉਣਾ ਸਮਾਨਤਾ, ਮਾਣ ਅਤੇ ਮਨੁੱਖੀ ਆਜ਼ਾਦੀ 'ਤੇ ਅਧਾਰਤ ਸਮਾਜ ਬਣਾਉਣ ਦੀ ਉਸਦੀ ਸਥਾਈ ਕੋਸ਼ਿਸ਼ ਨੂੰ ਉਜਾਗਰ ਕਰਦਾ ਹੈ।



**S.R. Darapuri**
I.P.S.(Retd)
National President,
All India Peoples Front
www.dalitliberation.blogspot.com
www.dalitmukti.blogspot.com
Mob 919415164845

# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਇੱਕ ਭਰਵੀਂ ਮੀਟਿੰਗ ਪਿੰਡ ਮਿਸ਼ਰੀਵਾਲਾ ਵਿੱਚ ਹੋਈ

**ਫ਼ਰੀਦਕੋਟ ( ਸ਼ਿਵਨਾਥ )** ਅੱਜ ਸਥਾਨਕ ਪਿੰਡ ਮਿਸ਼ਰੀਵਾਲਾ ਵਿਖੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੀ ਇੱਕ ਭਰਵੀ ਮੀਟਿੰਗ ਕੀਤੀ ਗਈ। ਜਿਸ ਦੀ ਪ੍ਰਧਾਨਗੀ ਜਿਲਾ ਪ੍ਰਧਾਨ ਲਾਭ ਸਿੰਘ ਸੀਨੀਅਰ ਮੀਤ ਪ੍ਰਧਾਨ ਹਰੀਦਾਸ ਮੀਤ ਸਕੱਤਰ ਪੰਜਾਬ ਨਵਦੀਪ ਸਿੰਘ ਮੀਤ ਪ੍ਰਧਾਨ ਪੰਜਾਬ ਜਤਿੰਦਰ ਕੁਮਾਰ ਫ਼ਰੀਦਕੋਟ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨਵਦੀਪ ਸਿੰਘ ਕੋਟਕਪੂਰਾ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦਾ ਨਾਰਾ ਸਿਹਤ ਸਿੱਖਿਆ ਤੇ ਰੁਜ਼ਗਾਰ ਸਭ ਦਾ ਹੋਵੇ । ਏਨਾਂ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਵਾਸਤੇ ਨੌਜਵਾਨਾਂ ਦੀ ਲਾਮਬੰਦ ਹੋਣ ਤੇ ਜ਼ੋਰ ਦਿੱਤਾ ਇਸ ਤੋਂ ਬਾਅਦ ਜਤਿੰਦਰ ਫਰੀਦਕੋਟ ਨੇ ਨੌਜਵਾਨਾਂ ਨੂੰ ਦੱਸਿਆ ਕਿ ਪੂਰੇ ਵਿਸ਼ਵ ਦੇ ਵਿੱਚ ਮਹਿੰਗਾਈ ਬੇਰੁਜ਼ਗਾਰੀ ਤੇ ਲੋਕਾਂ ਦੀ ਅੰਨੀ ਲੁੱਟ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜਿਸ ਦੀ ਅਗਵਾਈ ਅਮਰੀਕਨ ਸਾਮਰਾਜ ਕਰ ਰਿਹਾ ਹੈ। ਪਰ ਇਸੇ ਦੌਰਾਨ ਇਸ ਵਿਸ਼ਵ ਵਿੱਚ ਵੇਖਣ ਨੂੰ ਮਿਲਿਆ ਕਿ ਜੋ ਲੋਕ ਆਪਣੀ ਗੁਲਾਮੀ ਦਾ ਭਾਰ ਸਿਰ ਤੋਂ ਲਾਹ ਕੇ ਵਗਾ ਕੇ ਮਾਰਦੇ ਹਨ । ਉਹ ਕਦੇ ਵੀ ਹਰਿਆ ਨਹੀਂ ਕਰਦੇ ਔਰ ਇਹ ਮਿਸਾਲ ਇੱਕ ਛੋਟੇ ਜਿਹੇ ਦੇਸ਼ ਈਰਾਨ ਨੇ ਦਿੱਤੀ ਸਾਡਾ ਭਾਰਤ ਦੇਸ਼ ਵਿਸ਼ਵ ਦੀ ਚੌਥੀ ਸ਼ਕਤੀ ਵਜੋਂ ਜਾਣਿਆ ਜਾਂਦਾ ਹੈ। ਜਿਸ ਦੀ ਬਹੁਤ ਵੱਡੀ ਆਬਾਦੀ ਨੌਜਵਾਨਾਂ ਦੀ ਹੈ। ਪਰ ਸਾਡੇ ਦੇਸ਼ ਦੇ ਅੰਦਰ ਰਾਜ ਕਰਨ ਵਾਲੇ ਲੋਕ ਜੇਕਰ ਇਤਿਹਾਸ ਦੇ ਪੰਨਿਆਂ ਤੋਂ ਨਜ਼ਰ ਮਾਰੀਏ ਤਾਂ ਸਵਾਏ ਚਾਪਲੂਸੀ ਤੋ ਕੁਝ ਵੀ ਨਜ਼ਰ ਨਹੀਂ ਆਉਂਦਾ । ਅੱਜ ਦੇਸ਼ ਉੱਤੇ ਬਹੁਤ ਵੱਡੇ ਸੰਕਟ ਦੀ ਸ਼ੰਕਾ ਜਤਾਈ ਜਾ ਰਹੀ ਹੈ ਹੈ। ਪ੍ਰੰਤੂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਕੋਲ ਬਹੁਤੇ ਲੰਮੇ ਸਮੇਂ ਤੱਕ ਨਾ ਤਾਂ ਤੇਲ ਦੇ ਭੰਡਾਰ ਨੇ ਨਾ ਗੈਸ ਦੇ ਭੰਡਾਰ ਨੇ ਤੇ ਨਾ ਹੀ ਅੰਨ ਦੇ ਭੰਡਾਰ ਨੇ, ਇਸ ਕਰਕੇ ਦੇਸ਼ ਅੰਦਰ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਮਹਿੰਗਾਈ ਸਿਖਰਾਂ ਤੇ ਹੋਏਗੀ ਅਤੇ ਸਿੱਧੇ ਅਸਿੱਧੇ ਰੂਪ ਦੇ ਵਿੱਚ ਕੇਂਦਰ ਦੀ ਮੋਦੀ ਸਰਕਾਰ ਕਾਰ-ਪੋਰੇਟਸ ਦੇ ਹੱਕ ਵਿੱਚ ਭੁਗਤ ਦੀ ਨਜ਼ਰ ਆ ਰਹੀ ਹੈ। ਜਿਸ ਦੇ ਦੌਰਾਨ ਚਲਦਿਆਂ ਜਿੱਥੇ ਸੰਕਟ ਵਿੱਚ ਲੋਕਾਂ ਦੇ ਨਾਲ ਖੜਨਾ ਹੁੰਦਾ ਹੈ। ਉੱਥੇ ਗੈਸ ਦੇ ਰੇਟ ਵਧਾਏ ਗਏ। ਆਟੇ ਦਾਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ। ਲੋਕਾਂ ਦੀਆਂ ਜਾਇਦਾਦਾਂ ਨੱਪਣ ਵਾਸਤੇ ਬਿੱਲ ਪਾਸ ਕੀਤੇ ਜਾ ਰਹੇ ਹਨ। ਲੋਕ ਇੱਕਜੁੱਟ ਨਾ ਹੋ ਸਕਣ , ਇਸ ਵਾਸਤੇ ਲੋਕ ਹੱਕਾਂ ਦੀ ਰਾਖੀ ਕਰਦੇ ਕਿਰਤ ਕਾਨੂੰਨ ਤੋੜਕੇ ਚਾਰ ਕੋਡ ਲਿਆਂਦੇ ਗਏ ਹਨ। ਨਰੇਗਾ ਨੂੰ ਤਰੋੜ ਮਰੋੜ ਕੇ ਗਰੀਬਾਂ ਨੂੰ ਮਿਲਦਾ ਰੁਜ਼ਗਾਰ ਵੀ ਖੋਹ ਲਿਆ ਗਿਆ ਹੈ ਅਤੇ ਫਿਰ ਵੀ ਨਾਰਾ ਦਿੱਤਾ ਜਾ ਰਿਹਾ ਹੈ ਕਿ ਅਸੀਂ ਵਿਸ਼ਵ ਗੁਰੂ ਹਾਂ। ਪਰੰਤੂ ਜਿਸ ਤਰ੍ਹਾਂ ਅਮਰਿਕਾ ਦੇ ਰਾਸ਼ਟਰਪਤੀ ਟਰੰਪ ਨੇ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪ ਆਪਣੀਆਂ ਉਂਗਲਾਂ ਤੇ ਨਚਾ ਕੇ ਆਦੇਸ਼ ਦਿੱਤੇ ਹਨ ਕਿ ਤੇਲ ਇਰਾਨ ਤੋਂ ਨਹੀਂ ਰਸੀਆ ਤੋਂ ਖਰੀਦਿਆ ਜਾਏਗਾ। ਤੁਹਾਡੇ ਦੇਸ਼ ਵਿੱਚ ਜੋ ਅਸੀਂ ਚਾਹਾਂਗੇ ਉਹੀ ਕਾਨੂੰਨ ਲਾਗੂ ਹੋਣਗੇ ਇਜਰਾਇਲ ਦੇ ਅੰਦਰ ਜਾ ਕੇ ਮੋਦੀ ਗੌਰਮੈਂਟ ਦਾ ਨਿਤਨ ਯਾਹੂ ਤੇ ਅਮਰੀਕਨ ਸਾਮਰਾਜ ਦੇ ਹੱਕ ਵਿੱਚ ਬਿਆਨਬਾਜ਼ੀ ਕਰਨਾ, ਇਹ ਦਰਸਾਉਂਦਾ ਹੈ ਕਿ ਜਦੋਂ ਵੀ ਕਦੇ ਇਤਿਹਾਸ ਫਰੋਲਿਆ ਜਾਏਗਾ ਤਾਂ ਆਰਐਸਐਸ ਤੇ ਮੋਦੀ ਦੀ ਸਰਕਾਰ ਹਮੇਸ਼ਾ ਹੀ ਉਹਨਾਂ ਲੋਕਾਂ ਨਾਲ ਖੜੀ ਨਜ਼ਰ ਆਈ ਜਿਨਾਂ ਨੇ ਆਮ ਲੋਕਾਂ ਨੇ ਜਿੰਦਗੀਆਂ ਨੂੰ ਤਬਾਹ ਕੀਤਾ । ਇਸ ਲਈ ਪੰਜਾਬ ਦੀ ਸਰਕਾਰ ਤੋਂ ਵੀ ਕੋਈ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ ਦਿਨ ਦਿਹਾੜੇ ਕਤਲ ਕਤਲੋਗਾਰਤ ਚੋਰੀਆਂ ਠੱਗੀਆਂ ਡਕੈਤੀਆਂ ਪੰਜਾਬ ਨੂੰ ਪੁਲਿਸ ਸਟੇਟ ਵਿੱਚ ਤਬਦੀਲ ਕਰਕੇ ਆਮ ਲੋਕਾਂ ਤੇ ਟੈਕਸਾਂ ਦਾ ਭਾਰ ਪਾ ਕੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਵਿੱਚ ਧੱਕ ਕੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰ ਕੇ ਇਹ ਸਰਕਾਰ ਰੰਗਲਾ ਪੰਜਾਬ ਬਣਾਉਣ ਦੇ ਨਾਅਰੇ ਮਾਰ ਰਹੀ ਹੈ। ਨਿਤ ਦਿਹਾੜੀ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਨੇ, ਸਕੂਲ ਕਾਲਜ ਬੰਦ ਹੋ ਰਹੇ ਨੇ। ਫਿਰ ਵੀ ਪੰਜਾਬ ਰੰਗਲਾ ਬਣਨ ਜਾ ਰਿਹਾ ਹੈ। ਭਗਤ ਸਿੰਘ ਦਿਆ ਨਕਲੀ ਵਾਰਸਾਂ ਨੇ ਅੱਜ ਪੰਜਾਬ ਨੂੰ ਕਰੋੜਾਂ ਰੁਪਏ ਦੇ ਕਰਜੇ ਥੱਲੇ ਦੱਬ ਦਿੱਤਾ ਤੇ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਬੰਦ ਕੀਤੀਆਂ ਜਾ ਰਹੀਆਂ ਹਨ । ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਜਾ ਰਹੇ। ਅੱਜ ਦਾ ਨੌਜਵਾਨ ਦੁਵਿਧਾ ਦੇ ਵਿੱਚ ਫਸਿਆ ਹੋਇਆ ਨਜ਼ਰ ਆ ਰਿਹਾ ਹੈ। ਜਿਸ ਨੂੰ ਕੋਈ ਵੀ ਰਸਤਾ ਨਜ਼ਰ ਨਹੀਂ ਆ ਰਿਹਾ ਤਾਂ ਇਸ ਕਰਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੌਜਵਾਨਾਂ ਨੂੰ ਲਾਮਬੰਦੀ ਦਾ ਸੁਨੇਹਾ ਦੇਣ ਵਾਸਤੇ ਪਿੰਡ ਮਿਸ਼ਰੀਵਾਲਾ ਵਿਖੇ ਪਹੁੰਚੀ ਤੇ ਨੌਜਵਾਨਾਂ ਨਾਲ ਰੂਬਰੂ ਹੋ ਕੇ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਮੀਟਿੰਗ ਵਿੱਚ ਭਰਾਤਰੀ ਸੰਦੇਸ਼ ਦੇਣ ਵਾਸਤੇ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਵੀਰ ਇੰਦਰਜੀਤ ਸਿੰਘ ਪੁਰੀ ਤੇ ਜਿਲ੍ਹਾ ਜਨਰਲ ਸਕੱਤਰ ਜਸਮੇਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨੌਜਵਾਨਾਂ ਨੂੰ ਭਾਰਤੀ ਭਰਾਤਰੀ ਸੰਦੇਸ਼ ਦੇ ਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਸਰਬ ਸੰਮਤੀ ਨਾਲ ਕੁਲਵੀਰ ਸਿੰਘ ਨੂੰ ਪ੍ਰਧਾਨ,ਨਵਦੀਪ ਸਿੰਘ ਜਨਰਲ ਸਕੱਤਰ, ਖਜਾਨਚੀ ਹਰਮਨ ਸਿੰਘ ਮੀਤ ਪ੍ਰਧਾਨ ਲਵਪੀਤ ਸਿੰਘ ਲਵਲੀ, ਜਸ਼ਨਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ ,ਲਵਪੀਤ ਸਿੰਘ ਮਨਰਾਜ ਸਿੰਘ ਪ੍ਰੈਸ ਸਕੱਤਰ, ਹਰਕੀਰਤ ਸਿੰਘ, ਹਕੂਮਤ ਸਿੰਘ
ਮੀਤ ਸਕੱਤਰ, ਰਣਜੋਧ ਸਿੰਘ, ਅਜੀਤ ਸਿੰਘ, ਮੁੱਖ ਸਲਾਹਕਾਰ ਲਾਭ ਸਿੰਘ, ਰਗਵੀਰ ਸਿੰਘ, ਮਨਵੀਰ ਸਿੰਘ, ਸੁਖਮਨ ਸਿੰਘ ਗੁਰਜੀਵਨ ਸਿੰਘ, ਸਤਨਾਮ ਸਿੰਘ, ਰਾਜਦੀਪ ਸਿੰਘ, ਜਸਪ੍ਰੀਤ ਸਿੰਘ ਅਤੇ ਨਗਰ ਵਿੱਚੋਂ ਸੁਰਜੀਤ ਸਿੰਘ ਜੀ ਹਰਬੰਸ ਸਿੰਘ ਸੈਕਟਰੀ , ਅਮਰਜੀਤ ਸਿੰਘ ਹੋਲਦਾਰ, ਵਰਿੰਦਰਪਾਲ ਸਿੰਘ ਚਮਕੌਰ ਸਿੰਘ, ਕੁਲਦੀਪ ਸਿੰਘ ਵੀ ਹਾਜ਼ਰ ਸਨ।



# ਪੰਜਾਬੀ ਸਾਹਿਤ ਸਭਾ ਬਰਨਾਲਾ ਵਲੋਂ ਬੋਲ ਨਾ ਉੱਚਾ ਬੋਲ ਅਤੇ ਇਸ਼ਕ ਦੇ ਵਣਜਾਰੇ ਪੁਸਤਕਾਂ ਲੋਕ ਅਰਪਣ

**ਬਰਨਾਲਾ (ਚੰਡਿਹੋਕ)** ਪੰਜਾਬੀ ਸਾਹਿਤ ਸਭਾ ਰਜਿ.ਬਰਨਾਲਾ ਵੱਲੋਂ ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਪ੍ਰਸਿੱਧ ਖੋਜੀ ਵਿਦਵਾਨ ਜਰਨੈਲ ਸਿੰਘ ਅੱਚਰਵਾਲ ਦੇ ਕਾਵਿ ਸੰਗ੍ਰਹਿ *ਬੋਲ ਨਾ ਉਚੇ ਬੋਲ* ਅਤੇ ਡਾ.ਜਵਾਲਾ ਸਿੰਘ ਮੌੜ ਦੀ ਪੁਸਤਕ ਇਸ਼ਕ ਦੇ ਵਣਜਾਰੇ* ਦਾ ਲੋਕ ਅਰਪਣ ਕੀਤਾ ਗਿਆ। ਜਰਨੈਲ ਸਿੰਘ ਅੱਚਰਵਾਲ ਦੇ ਕਾਵਿ ਸੰਗ੍ਰਹ ਵਿਚ ਬਾਰੇ ਬੋਲਦਿਆਂ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਜਰਨੈਲ ਸਿੰਘ ਅਚਰਵਾਲ ਜਿੱਥੇ ਇਤਿਹਾਸ ਦਾ ਖੋਜੀ ਵਿਦਵਾਨ ਹੈ ਉਥੇ ਉਸ ਦੀ ਕਵਿਤਾ ਲੋਕ ਹਿੱਤਾਂ ਦੀ ਗੱਲ ਕਰਦੀ ਯਥਾਰਥ ਦੇ ਨੇੜੇ ਹੈ ਜਵਾਲਾ ਸਿੰਘ ਮੌੜ ਦੇ ਕਿੱਸਾ ਕਾਵਿ ਇਸ਼ਕ ਦੇ ਵਣਜਾਰੇ ਬਾਰੇ ਬੋਲਦਿਆਂ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਸੰਗ੍ਰਹਿ ਵਿਚ ਇਸ਼ਕ ਦੇ ਹਕੀਕੀ ਤੇ ਮਿਜਾਜੀ ਸਰੂਪ ਨੂੰ ਬਾਖੂਬੀ ਚਿਤਰਿਆ ਹੈ। ਉਪਰੰਤ ਹੋਏ ਕਵੀ ਦਰਬਾਰ ਵਿੱਚ ਰਾਮ ਸਰੂਪ ਸ਼ਰਮਾਂ,ਡਾ.ਸੰਪੂਰਨ ਸਿੰਘ ਟੱਲਵਾਲੀਆ ਡਾ ਭੁਪਿੰਦਰ ਸਿੰਘ ਬੇਦੀ ਡਾ ਸੁਰਿੰਦਰ ਭੱਠਲ, ਕੈਪਟਨ ਦਰਬਾਰਾ ਸਿੰਘ ਪੱਖੋਕੇ ਚਮਕੌਰ ਸਿੰਘ ਸੇਖੋਂ, ਤੇਜਿੰਦਰ ਚੰਡਿਹੋਕ, ਸਰੂਪ ਚੰਦ ਹਰੀਗੜ,ਮਹਿੰਦਰ ਸਿੰਘ ਰਾਹੀ,ਮੇਜਰ ਸਿੰਘ ਸਹੌਰ, ਹਾਕਮ ਸਿੰਘ ਰੂੜੇਕੇ,ਜਗਤਾਰ ਸਿੰਘ ਜਜੀਰਾ, ਡਾ.ਅਮਨਦੀਪ ਸਿੰਘ ਟੱਲੇਵਾਲੀਆ ਗੁਰਚਰਨ ਸਿੰਘ ਦਾਨਗੜ ਗੁਰਪ੍ਰੀਤ ਸਿੰਘ ਮੌੜ ਜਸਕਰਨ ਸਿੰਘ ਮੌੜ ਗੁਰਲਾਲ ਸਿੰਘ ਮੌੜ ਚਰਨ ਸਿੰਘ ਭੋਲਾ ਜਾਗਲ, ਸੁਦਰਸ਼ਨ ਗੁਡੂ,ਰਘਬੀਰ ਸਿੰਘ ਗਿੱਲ ਕੱਟੂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਬਾਖੂਬੀ ਨਿਭਾਇਆ।





# ਅਖੌਤੀ ਬਾਬਿਆਂ ਤੋਂ ਸਾਵਧਾਨ ਰਹਿਣ ਦੀ ਲੋੜ

ਇਕੱਲਾ ਪੰਜਾਬ ਹੀ ਨਹੀਂ ਭਾਰਤ ਦੇ ਕਈ ਹਿੱਸਿਆਂ ਵਿੱਚ ਅਖੌਤੀ ਬਾਬਿਆਂ ਅਤੇ ਉਨ੍ਹਾਂ ਦੇ ਡੇਰਿਆਂ ਦੀਆਂ ਗਤਿਵਿਧੀਆਂ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਆਧਿਆਤਮਕਤਾ ਦੇ ਢੋਂਗ ਹੇਠ ਲੋਕਾਂ ਨੂੰ ਠੱਗਣ, ਨਾਰੀ ਸ਼ੋਸ਼ਣ, ਜਾਇਦਾਦ ਹੜਪਣ ਅਤੇ ਅਣਮੌਰਲ ਕੰਮਾਂ ਦੀਆਂ ਸੂਚਨਾਵਾਂ ਨੇ ਆਮ ਜਨਤਾ ਦੀ ਆਸਥਾ ਨੂੰ ਝਟਕਾ ਦਿੱਤਾ ਹੈ। ਇਨ੍ਹਾਂ ਅਖੌਤੀ ਬਾਬਿਆਂ ਵੱਲੋਂ ਡੇਰਿਆਂ ਵਿਚ ਲੋਕਾਂ ਨੂੰ ਚਮਤਕਾਰਾਂ ਦੇ ਝੂਠੇ ਦਾਅਵੇ ਕਰਕੇ ਫਸਾਇਆ ਜਾਂਦਾ ਹੈ। ਕਈ ਵਾਰ ਇਹ ਬਾਬੇ ਔਰਤਾਂ ਦੀ ‘ਚੰਗੀ ਕਿਸਮਤ’ ਦੇ ਨਾਂ 'ਤੇ ਉਨ੍ਹਾਂ ਨਾਲ ਜ਼ਬਰਦਸਤੀ ਜਾਂ ਭਰਮ ਵਿੱਚ ਪਾ ਕੇ ਅਣਚਾਹੇ ਸੰਬੰਧ ਬਣਾਉਂਦੇ ਹਨ। ਪਿਛਲੇ ਕੁਝ ਵਰ੍ਹਿਆਂ ਵਿੱਚ ਡੇਰਾ ਸੱਚਾ ਸੌਦਾ ਮੁੱਖੀ ਰਾਮ ਰਹੀਮ, ਆਸਾਰਾਮ ਅਤੇ ਹੋਰ ਕਈ ਮਾਮਲਿਆਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਕਿਵੇਂ ਇਹ ਢੋਂਗੀ ਆਪਣੇ ਡੇਰਿਆਂ ਵਿੱਚ ਅਪਰਾਧਕ ਗਤਿਵਿਧੀਆਂ ਚਲਾ ਰਹੇ ਸਨ। ਇਹ ਵੀ ਵੇਖਣਯੋਗ ਗੱਲ ਹੈ ਕਿ ਕਈ ਵਾਰ ਇਨ੍ਹਾਂ ਬਾਬਿਆਂ ਨੂੰ ਰਾਜਨੀਤਿਕ ਸਹਿਯੋਗ ਵੀ ਮਿਲਦਾ ਹੈ। ਉਨ੍ਹਾਂ ਦੇ ਲੱਖਾਂ ਅਨੁਯਾਈ ਹੋਣ ਕਰਕੇ, ਚੋਣਾਂ ਵਿਚ ਵੋਟਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਨੇਤਾ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਤੋਂ ਹਿਚਕਦੇ ਹਨ। ਇਹ ਸਿਸਟਮਿਕ ਸਹਿਯੋਗ ਅਜਿਹੇ ਢੋਂਗੀਆਂ ਨੂੰ ਹੋਰ ਵਧਣ ਦਾ ਮੌਕਾ ਦਿੰਦਾ ਹੈ। ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਲੋਕ ਧਾਰਮਿਕ ਆਸਥਾ ਅਤੇ ਅੰਧਵਿਸ਼ਵਾਸ ਵਿਚ ਫਰਕ ਸਮਝਣ। ਵਿਦਵਾਨਾਂ ਅਤੇ ਸਮਾਜ ਸੇਵਕਾਂ ਦਾ ਕਹਿਣਾ ਹੈ ਕਿ ਆਧਿਆਤਮਕਤਾ ਵਿਅਕਤੀਕਤ ਤਜਰਬਾ ਹੈ, ਜਿਸ ਨੂੰ ਧਨ, ਜਾਇਦਾਦ ਜਾਂ ਅੰਧ ਅਨੁਸਰਣ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਸਮਾਜਿਕ ਸੰਸਥਾਵਾਂ, ਮੀਡੀਆ ਅਤੇ ਵਿਦਿਆਲਈ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਕੇ ਹੀ ਅਜਿਹੀਆਂ ਠੱਗੀਆਂ ਨੂੰ ਰੋਕਿਆ ਜਾ ਸਕਦਾ ਹੈ।

**ਲਖਵਿੰਦਰ ਸਿੰਘ ਗਿੱਲ**
**9855271004**

# ਡਰਬੀ ‘ਚ ਕਾਰ ਚੜ੍ਹਨ ਨਾਲ 7 ਲੋਕ ਜ਼ਖ਼ਮੀ, ਇਕ ਵਿਅਕਤੀ ਗ੍ਰਿਫ਼ਤਾਰ

**ਲੈਸਟਰ (ਇੰਗਲੈਂਡ), 29 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਸ਼ਹਿਰ ਡਰਬੀ ਦੇ ਸਿਟੀ ਸੈਂਟਰ ਵਿੱਚ ਇੱਕ ਕਾਰ ਵੱਲੋਂ ਪੈਦਲ ਚੱਲ ਰਹੇ ਲੋਕਾਂ ਨੂੰ ਟੱਕਰ ਮਾਰਨ ਕਾਰਨ 7 ਵਿਅਕਤੀ ਜ਼ਖ਼ਮੀ ਹੋ ਗਏ ਹਨ। ਪੁਲਿਸ ਨੇ ਇਸ ਮਾਮਲੇ ਵਿੱਚ 36 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਜਾਰੀ ਹੈ। ਪੁਲਿਸ ਮੁਤਾਬਕ ਸ਼ਨੀਵਾਰ ਰਾਤ ਕਰੀਬ 9:30 ਵਜੇ ਫਰਾਇਰ ਗੇਟ ਇਲਾਕੇ ਵਿੱਚ ਇਕ ਕਾਲੀ ਸੁਜ਼ੂਕੀ ਸਵਿਫਟ ਕਾਰ ਪੈਦਲ ਚੱਲ ਰਹੇ ਲੋਕਾਂ ‘ਚ ਵੜ ਗਈ। ਘਟਨਾ ਤੋਂ ਕੁਝ ਮਿੰਟਾਂ ਬਾਅਦ ਪੁਲਿਸ ਨੇ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਕਤਲ ਦੀ ਕੋਸ਼ਿਸ਼, ਖ਼ਤਰਨਾਕ ਡਰਾਈਵਿੰਗ ਅਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਹੇਠ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਡਰਬੀਸ਼ਾਇਰ ਪੁਲਿਸ ਨੇ ਦੱਸਿਆ ਕਿ ਘਟਨਾ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਹਾਲਤ ਗੰਭੀਰ ਹੈ ਪਰ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਨਹੀਂ ਹੈ। ਪੁਲਿਸ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਸ ਘਟਨਾ ਵਿੱਚ ਕਿਸੇ ਦੀ ਮੌਤ ਨਹੀਂ ਹੋਈ। ਪੁਲਿਸ ਦੇ ਅਨੁਸਾਰ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਮੂਲ ਰੂਪ ਵਿੱਚ ਭਾਰਤ ਨਾਲ ਸੰਬੰਧਿਤ ਹੈ ਅਤੇ ਕਈ ਸਾਲਾਂ ਤੋਂ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਹਾਲਾਂਕਿ ਇਸ ਮਾਮਲੇ ਦੀ ਜਾਂਚ ਵਿੱਚ ਕਾਊਂਟਰ ਟੈਰਰਿਜ਼ਮ ਪੁਲਿਸ ਵੀ ਸ਼ਾਮਲ ਹੋ ਗਈ ਹੈ ਪਰ ਅਧਿਕਾਰੀਆਂ ਨੇ ਕਿਹਾ ਕਿ ਇਸ ਨੂੰ ਫਿਲਹਾਲ ਦਹਿਸ਼ਤਗਰਦੀ ਘਟਨਾ ਨਹੀਂ ਮੰਨਿਆ ਜਾ ਰਿਹਾ ਅਤੇ ਮਕਸਦ ਬਾਰੇ ਜਾਂਚ ਜਾਰੀ ਹੈ। ਡਰਬੀ ਲਈ ਏਰੀਆ ਕਮਾਂਡਰ ਚੀਫ਼ ਸੁਪਰਿੰਟੈਂਡੈਂਟ ਐਮਾ ਆਲਡ੍ਰਿਡ ਨੇ ਕਿਹਾ ਕਿ ਇਹ ਇੱਕ “ਭਿਆਨਕ ਘਟਨਾ” ਹੈ ਜਿਸ ਨੇ ਸ਼ਹਿਰ ਨੂੰ ਹਿਲਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਮੌਕੇ ‘ਤੇ ਤੁਰੰਤ ਪਹੁੰਚ ਗਈ ਸੀ ਅਤੇ ਕੁਝ ਮਿੰਟਾਂ ਵਿੱਚ ਹੀ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਘਟਨਾ ਤੋਂ ਬਾਅਦ ਫਰਾਇਰ ਗੇਟ ਇਲ-ਾਕਾ ਪੁਲਿਸ ਵੱਲੋਂ ਬੰਦ ਕਰ ਦਿੱਤਾ ਗਿਆ ਹੈ ਅਤੇ ਫੋਰੈਂਸਿਕ ਟੀਮਾਂ ਮੌਕੇ ‘ਤੇ ਜਾਂਚ ਕਰ ਰਹੀਆਂ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਾਂਚ ਮੁਕੰਮਲ ਹੋਣ ਤੱਕ ਇਸ ਇਲਾਕੇ ਤੋਂ ਦੂਰ ਰਹਿਣ। ਇਸ ਦਰਮਿਆਨ ਸਥਾਨਕ ਆਗੂਆਂ ਅਤੇ ਕਮਿਊਨਿਟੀ ਵੱਲੋਂ ਜ਼ਖ਼ਮੀਆਂ ਲਈ ਦੁਆਵਾਂ ਕੀਤੀਆਂ ਜਾ ਰਹੀਆਂ ਹਨ ਅਤੇ ਐਮਰਜੈਂਸੀ ਸੇਵਾਵਾਂ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਗਈ ਹੈ।

# ਸਸਟੇਨੇਬਲ ਡੇਵਲਪਮੈਂਟ ਅਤੇ ਕਲਾਈਮੇਟ ਰੇਜੀਲਿਐਂਸ ਦੇ ਲਈ ਮਲਟੀਡਿਸਪਲਨਰੀ ਅਪਰੋਚ ਰਾਸ਼ਟਰੀ ਕਾਨਫਰੰਸ ਸਮਾਪਤ

**● ਦੂਜੇ ਦਿਨ ਹੋਟਲ ਮੈਨਜਮੈਂਟ, ਮੈਨਜਮੈਂਟ, ਅਤੇ ਐਜੂਕੇਸ਼ਨ ਦੇ 250 ਵਿਦਿਆਰਥੀਆਂ ਨੇ ਹਿਸਾ ਲਿਆ ਅਤੇ 25 ਖੋਜ ਪੱਤਰ ਪੇਸ਼ ਕੀਤੇ**

**ਨਵਾਂਸ਼ਹਿਰ, 29 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )** ਕੇਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਸਸਟੇਨੇਬਲ ਡੇਵਲਪਮੈਂਟ ਅਤੇ ਕਲਾਈਮੇਟ ਰੇਜੀਲਿਐਂਸ ਦੇ ਲਈ ਮਲਟੀਡਿਸਪਲਨਰੀ ਅਪਰੋਚ ਰਾਸ਼ਟਰੀ ਦੋ ਰੋਜ਼ਾ ਕਾਨਫਰੰਸ ਸਮਾਪਤ ਹੋ ਗਈ। ਰਾਸ਼ਟਰੀ ਕਾਨਫਰੰਸ ਵਿੱਚ ਵੱਖੋ-ਵੱਖ ਰਾਜਾਂ ਦੇ ਹੋਟਲ ਮੈਨਜਮੈਂਟ, ਮੈਨਜਮੈਂਟ ਅਤੇ ਐਜੁਕੇਸ਼ਨ ਕਾਲਜਾਂ ਦੇ 250 ਵਿਦਿਆਰਥੀਆਂ ਨੇ ਹਿਸਾ ਲਿਆ ਅਤੇ 25 ਵਿਦਵਾਨਾਂ ਨੇ ਆਪਣੇ ਪੇਪਰ ਆਨਲਾਈਨ ਅਤੇ ਆਫਲਾਈਨ ਪੇਸ਼ ਕੀਤੇ। ਦੂਜੇ ਦਿਨ ਮੁੱਖ ਬੁਲਾਰੇ ਡਾ. ਸ਼ੈਫ਼ ਪਰਮਿੰਦਰ ਸਿੰਘ ਢਿੱਲੋਂ, ਸਹਾਇਕ ਪ੍ਰੋਫੈਸਰ, ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਵਿਭਾਗ ਹੋਟਲ ਮੈਨੇਜਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਡਾ. ਕਰਮਜੀਤ, ਪ੍ਰੋਫੈਸਰ, ਕਾਮਰਸ ਅਤੇ ਵਪਾਰ ਮੈਨਜਮੈਂਟ ਵਿਭਾਗ, ਅਮਰਦੀਪ ਸ਼ੇਰਗਿੱਲ ਕਾਲਜ, ਮੁਕੰਦਪੁਰ; ਅਤੇ ਡਾ. ਅਨੁਰਾਧਾ ਸੇਖਰੀ, ਸਹਾਇਕ ਪ੍ਰੋਫੈਸਰ, ਸੰਚਾਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਹੇ। ਸਭ ਤੋਂ ਪਹਿਲਾਂ, ਮੁੱਖ ਬੁਲਾਰਿਆਂ ਨੇ ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ, ਡਾ. ਬਲਜੀਤ ਕੌਰ, ਡਾ. ਕੁਲਜਿੰਦਰ ਕੌਰ, ਡਾ. ਵਿਕਾਸ ਕੁਮਾਰ, ਇੰਜ. ਜਫ਼ਤਾਰ ਅਹਿਮਦ ਅਤੇ ਐਸਏਓ ਇੰਜ. ਆਰ.ਕੇ. ਮੂੰਮ ਦੇ ਨਾਲ ਜੋਤ ਜਗਾਉਣ ਦੀ ਰਸਮ ਅਦਾ ਕੀਤੀ। ਸਰਸਵਤੀ ਵੰਦਨਾ ਤੋਂ ਬਾਅਦ, ਦੇਸ਼ ਭਗਤੀ ਦੇ ਗੀਤ ਗਾਏ। ਡਾ. ਪਰਮਿੰਦਰ ਸਿੰਘ ਢਿੱਲੋਂ ਨੇ "ਸੰਵੇਦਨਸ਼ੀਲ ਵਪਾਰਕ ਅਭਿਆਸ ਹਾਉਸਪਿਟੇਲਟੀ ਪ੍ਰਣਾਲੀਆਂ" ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਜਲਵਾਯੂ ਸਮਰਥਾ ਨੂੰ ਬਿਹਤਰ ਬਣਾਉਣ ਲਈ ਰੋਜ਼ਾਨਾ ਯਤਨ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਾਨੂੰ ਆਪਣੇ ਆਪ ਨੂੰ ਅਤੇ ਵਾਤਾਵਰਣ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਸਾਨੂੰ ਹਰੇ ਉਤਪਾਦ ਦੀ ਵਰਤੋਂ ਕਰਣੀ ਚਾਹੀਦੀ ਹੈ ਜੋ ਅਸੀਂ ਵਰਤਦੇ ਹਾਂ, ਇਸਨੂੰ ਸੁੱਟਣ ਦੀ ਬਜਾਏ। ਹੋਟਲ ਉਦਯੋਗ ਨਿਰਮਾਣ ਦੌਰਾਨ ਬਹੁਤ ਸਾਰੇ ਹਰੇ ਪਦਾਰਥਾਂ ਨੂੰ ਬਰਬਾਦ ਕੀਤਾ ਜਾਂਦਾ ਹੈ। ਸਾਨੂੰ ਉਨ੍ਹਾਂ ਨੂੰ ਹੋਰ ਉਤਪਾਦਾਂ ਵਿੱਚ ਰੀਸਾਈਕਲ ਕਰਕੇ ਬਚਾਉਣਾ ਚਾਹੀਦਾ ਹੈ। ਸਾਨੂੰ ਹਰ ਫੁੱਲਦਾਰ ਪੌਦੇ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਘੱਟੋ ਘੱਟ ਕਰਣ ਚਾਹੀਦੀ ਹੈ। ਲੋਕਾਂ ਕੋਲ ਬਹੁਤ ਸਾਰਾ









ਪੈਸਾ ਹੋ ਸਕਦਾ ਹੈ, ਪਰ ਭੋਜਨ ਅਤੇ ਪੀਣ ਵਾਲੇ ਪਦਾਰਥ ਸੀਮਿਤ ਹਨ। ਡਾ. ਕਰਮਜੀਤ ਨੇ ਫਿਰ ਹਰਿਆਲੀ ਅਤੇ ਇਸਦੀ ਸੰਭਾਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਅੱਜ ਕੱਲ੍ਹ ਮਨੁੱਖੀ ਜੀਵਨ ਸ਼ੈਲੀ ਬਦਲ ਗਈ ਹੈ। ਭਾਰਤੀ ਸੱਭਿਆਚਾਰ ਅਤੇ ਜੀਵਨ ਪਰੰਪਰਾਵਾਂ ਸੁਭਾਵਿਕ ਤੌਰ 'ਤੇ ਟਿਕਾਊ ਹਨ। ਸਾਡੇ ਪ੍ਰਾਚੀਨ ਗ੍ਰੰਥ ਸਾਡੇ ਕੀਮਤੀ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਕੁਦਰਤ ਨਾਲ ਇਕ-ਸੁਰਤਾ ਵਿੱਚ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਰਹੇ ਆ ਰਹੇ ਹਨ। ਲੰਬੀ ਉਮਰ ਲਈ, ਸਾਨੂੰ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ, ਵਾਤਾਵਰਣ ਨੂੰ ਸਾਫ਼ ਰੱਖਣਾ ਚਾਹੀਦਾ ਹੈ, ਅਤੇ ਰੁੱਖ ਲਗਾਉਣੇ ਚਾਹੀਦੇ ਹਨ। ਜਾਨਵਰਾਂ ਦੀ ਰੱਖਿਆ ਲਈ ਯਤਨ ਕਰਨੇ ਚਾਹੀਦੇ ਹਨ ਅਤੇ ਸਿੰਗਲ-ਯੂਜ਼ ਪਲਾਸਟਿਕ ਨੂੰ ਘਟਾਉਣਾ ਚਾਹੀਦਾ ਹੈ। ਡਾ.ਅਨੁਰਾਧਾ ਸੇਖੜੀ ਨੇ ਫਿਰ ਸਮਝਾਇਆ ਕਿ ਨੌਜਵਾਨਾਂ ਨੂੰ ਵਾਤਾਵਰਣ ਦੀ ਰੱਖਿਆ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਸਰਕਾਰ ਦੇ 2047 ਮਿਸ਼ਨ ਦੇ ਲਈ ਕੰਮ ਕਰਨਾ ਚਾਹੀਦਾ ਹੈ। ਭਵਿੱਖ ਵਿੱਚ ਜਲਵਾਯੂ ਲਈ ਹਰਿਆਲੀ ਜ਼ਰੂਰੀ ਹੈ। ਪੰਜਾਬ ਵਿੱਚ ਕਦੇ ਪੰਜ ਦਰਿਆ ਸਨ, ਪਰ ਹੁਣ ਪਾਣੀ ਦੇ ਸਰੋਤ ਘੱਟ ਗਏ ਹਨ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਡਿੱਗ ਰਿਹਾ ਹੈ। ਪੰਜਾਬ ਨੂੰ ਹਰ ਸਾਲ ਕਿਸੇ ਨਾ ਕਿਸੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਸਾਲ ਹੜ੍ਹ ਆਏ ਸਨ, ਅਤੇ ਪਾਣੀ ਦਾ ਪੱਧਰ ਵੀ ਡਿੱਗ ਰਿਹਾ ਹੈ। ਮਾਲਵੇ ਵਿੱਚ, 62.5 ਪ੍ਰਤੀਸ਼ਤ ਪਾਣੀ ਵਿੱਚ ਯੂਰੇਨੀਅਮ ਹੁੰਦਾ ਹੈ। ਦੂਸ਼ਿਤ ਪਾਣੀ ਕਾਰਨ, ਉੱਥੇ ਖੇਤੀਬਾੜੀ ਅਸੰਭਵ ਹੁੰਦੀ ਜਾ ਰਹੀ ਹੈ। ਦੂਸ਼ਿਤ ਪਾਣੀ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਹਰ ਵਿਅਕਤੀ ਨੂੰ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਪਾਣੀ ਦੀ ਸੰਭਾਲ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਸਿਕਲ ਪੈਦਾ ਕਰਨੀ ਚਾਹੀਦੇ ਹਨ, ਚੰਗੀ ਸਿੱਖਿਆ ਲਈ ਯਤਨ ਕਰਨੇ ਚਾਹੀਦੇ ਹਨ, ਜਾਨਵਰਾਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਵਾਤਾਵਰਣ ਦੀ ਕਦਰ ਕਰਨੀ ਚਾਹੀਦੀ ਹੈ। ਸਾਨੂੰ ਵਾਤਾਵਰਣ ਬਾਰੇ ਹੋਰਾਂ ਨੂੰ ਵੀ ਜਾਗਰੂਕ ਕਰਤੇ ਰਹਿਣਾ ਚਾਹੀਦਾ ਹੈ। ਇੱਕ ਦੂਜੇ 'ਤੇ ਭਰੋਸਾ ਕਰਨਾ ਚਾਹੀਦਾ ਹੈ। ਕਿਸੇ ਨਾ ਕਿਸੇ ਮੁਕਾ-ਬਲੇ ਵਿੱਚ ਹਿੱਸਾ ਲੈਣਾ ਯਕੀਨੀ ਬਣਾਓ।

# ਆਰ.ਕੇ. ਆਰੀਆ ਕਾਲਜ ਵਿਖੇ ਲੱਗੇ ਕੈਂਪ ਦੌਰਾਨ ਬਣਾਏ ਗਏ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਦਸਤਾਵੇਜ



**ਨਵਾਂਸ਼ਹਿਰ, 29 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਰ.ਕੇ. ਆਰੀਆ ਕਾਲਜ ਰਾਹੋਂ ਰੋਡ ਨਵਾਂਸ਼ਹਿਰ ਵਿਖੇ 22ਵਾਂ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਦਸਤਾਵੇਜ ਬਣਾਉਣ ਲਈ ਕੈਂਪ ਲਗਾਇਆ ਜਾਵੇਗਾ। ਇਹ ਕੈਂਪ ਸਵੇਰੇ 09:30 ਵਜੇ ਤੋਂ 02:30 ਵਜੇ ਤੱਕ ਲਗਾਇਆ ਗਿਆ।

ਕੈਂਪ ਵਿੱਚ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਮੌਕੇ ’ਤੇ ਦਸਤਾਵੇਜ ਬਣਾਉਣ ਸਿਹਤ ਵਿਭਾਗ, ਸੇਵਾ ਕੇਂਦਰ, ਜ਼ਿਲ੍ਹਾ ਸਮਾਜਿਕ ਸੁਰੱਖਿਆ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਕਾਰਜਸਾਧਕ ਅ ਫ਼ ਸ ਰ ਨਵਾਂਸ਼ਹਿਰ/ਰਾਹੋਂ ਵੱਲੋਂ ਦਿਵਿਯਾਂਗ ਵਿਅਕਤੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਸਟਾਲ ਲਗਾਏ ਗਏ। ਕੈਂਪ ਵਿੱਚ ਆਧਾਰ ਕਾਰਡ, ਦਿਵਿਯਾਂਗਤਾ ਸਰਟੀਫਿਕੇਟ, ਸਿਹਤ ਬੀਮਾ ਕਾਰਡ, ਪੈਨਸ਼ਨ, ਆਦਿ ਸਬੰਧੀ ਦਸਤਾਵੇਜ ਬਣਾਏ ਗਏ। ਕੈਂਪ ਵਿੱਚ ਅੱਖਾਂ ਦੇ ਡਾਕਟਰ ਸਵਰਨਜੀਤ , ਓਥੈਲਮਿਕ ਅਫ਼ਸਰ ਦੀਪਕ ਸ਼ਰਮਾ, ਈ.ਐਨ.ਟੀ. ਡਾ. ਅਮਿਤ ਕੁਮਾਰ, ਹੱਡਿਆਂ ਦੇ ਡਾ. ਅਸ਼ੋਕ ਗੋਇਲ ਹਾਜ਼ਰ ਸਨ। ਇਸ ਤੋਂ ਇਲਾਵਾ ਸੇਵਾ ਕੇਂਦਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਤੋਂ ਵੀ ਕਰਮਚਾਰੀ ਹਾਜ਼ਰ ਸਨ।

ਪ੍ਰਧਾਨ ਵਿਕਰਾਂਤ ਦੱਤਾ ਲੁਇਸ ਬਰੇਲ ਵੈਲਫੇਅਰ ਐਸੋਸੀਏਸ਼ਨ ਆਫ਼ ਦਾ ਬਲਾਈਂਡ ਜਲੰਧਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਆਰ.ਕੇ ਆਰੀਆ ਕਾਲਜ ਵਿਖੇ 22ਵਾਂ ਨੇਤਰਹੀਣ ਦਿਵਿਯਾਂਗ ਵਿਅਕਤੀਆਂ ਦੇ ਦਸਤਾਵੇਜ਼ ਬਣਾਉਣ ਲਈ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਕੈਂਪ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਕੈਂਪ ਲਗਾਉਣ ਦਾ ਮੁੱਖ ਮਕਸਦ ਹੈ ਕਿ ਦਿਵਿਯਾਂਗ ਵਿਅਕਤੀਆਂ ਨੂੰ ਵੱਖ-ਵੱਖ ਦਫ਼ਤਰਾਂ ਵਿੱਚ ਜਾ ਕੇ ਆਪਣੇ ਦਸਤਾਵੇਜ ਨਾ ਬਣਾਉਣੇ ਪੈਣ ਕੈਂਪ ਵਿੱਚ ਇੱਕੋ ਥਾਂ ‘ਤੇ ਉਨ੍ਹਾਂ ਦੇ ਸਾਰੇ ਦਸਤਾਵੇਜ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਦੇ ਬਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਖਾਸ ਕਰਕੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਪਿਛਲੇ 10 ਸਾਲਾਂ ਤੋਂ ਵੱਖ-ਵੱਖ ਜ਼ਿਲ੍ਹਿਆਂ, ਬਲਾਕਾਂ ਅੰਦਰ ਵੱਖ-ਵੱਖ ਥਾਂਵਾਂ ’ਤੇ ਕੈਂਪ ਲਗਾਏ ਗਏ ਹਨ।

# ਨੈਸ਼ਨਲ ਹਾਈਵੇ ਅਥਾਰਟੀ ਦੀ ਅਣਗਹਿਲੀ ਨਾਲ ਨਿੱਤ ਵਾਪਰ ਰਹੇ ਹਨ ਵੱਡੇ ਹਾਦਸੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਸੁੱਤੇ ਕੁੰਭਕਰਨ ਦੀ ਨੀਂਦ

## ਲੋਕਾਂ ਵਲੋਂ ਸੜਕਾਂ ਦੇ ਵਰਮ ਅਤੇ ਰੇਲਿੰਗਾਂ ਤਰੁੰਤ ਠੀਕ ਕਰਾਉਣ ਦੀ ਮੰਗ









ਨਵਾਂਸ਼ਹਿਰ /ਕਾਠਗੜ੍ਹ 29 ਮਾਰਚ (ਜਤਿੰਦਰ ਪਾਲ ਸਿੰਘ ਕਲੇਰ ) ਰੋਪੜ੍ਹ ਫਗਵਾੜਾ ਨੈਸ਼ਨਲ ਹਾਈਵੇ ਨੰਬਰ 344 ਏ ਜਿਸ ਤੇ ਕਾਠਗੜ੍ਹ ਨੇੜੇ ਬੱਛੂਆਂ ਵਿਖੇ ਟੋਲ ਪਲਾਜ਼ਾ ਵੀ ਸਥਿਤ ਹੈ। ਜੋ ਕਿ ਹਰੇਕ ਗੱਡੀ ਟੋਲ ਵਸੂਲ ਕਰਦਾ ਹੈ ਅਤੇ ਨੈਸ਼ਨਲ ਹਾਈਵੇ ਦੇ ਰੱਖ ਰਖਾਬ ਦੀ ਜਿੰਮੇਵਾਰੀ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਦੀ ਬਣਦੀ ਹੈ। ਪਰ ਕਈ ਜਗ੍ਹਾ ਤੇ ਰੋਡ ਦੇ ਨਾਲ ਲੱਗਦੇ ਵਰਮ ਬੁਰੀ ਤਰ੍ਹਾਂ ਖਰਾਬ ਹੋ ਚੁੱਕੇ ਹਨ। ਜਿਸ ਕਾਰਨ ਰੋਡ ਤੇ ਚੱਲਣ ਵਾਲੀਆਂ ਗੱਡੀਆਂ ਕਿਸੇ ਸਮੇਂ ਵੀ ਓਵਰਟੇਕ ਕਰਨ ਸਮੇ ਹਾਦਸੇ ਦਾ ਸ਼ਿਕਾਰ ਹੋ ਸਕਦੀਆਂ ਹਨ। ਕੀ ਜਗ੍ਹਾ ਸੜਕ ਅਤੇ ਵਰਮ ਪੱਧਰੇ ਨਾ ਹੋਣ ਕਾਰਨ ਹੁਣ ਤੱਕ ਕਈ ਗੱਡੀਆਂ ਦੇ ਭਾਰੀ ਨੁਕਸਾਨ ਹੋ ਚੁੱਕੇ ਹਨ। ਇਹਨਾਂ ਤਕਲੀਫਾਂ ਸਬੰਧੀ ਜਦੋਂ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਗੱਲ ਕਰਨ ਲਈ ਪੱਤਰਕਾਰਾਂ ਵਲੋਂ ਫੋਨ ਮਿਲਾਇਆ ਜਾਂਦਾ ਤਾਂ ਉਹ ਫੋਨ ਨਹੀ ਚੁੱਕਦੇ ਇੱਥੇ ਹੀ ਬਸ ਨਹੀਂ ਪਿੰਡ ਟੌਂਸਾ ਤੋਂ ਲੈ ਕੇ ਆਸਰੋਂ ਤੱਕ ਸੜਕ ਤੇ ਲੱਗੀਆਂ ਰੇਲਿੰਗਾਂ ਕਈ ਜਗ੍ਹਾ ਟੁੱਟਿਆ ਹੋਇਆ ਹਨ ਜੋ ਕਿ ਵੱਖ ਵੱਖ ਗੱਡੀਆਂ ਦੇ ਹਾਦਸਿਆਂ ਕਾਰਨ ਟੁੱਟ ਚੁੱਕਿਆ ਹਨ ਪਰ ਉਨ੍ਹਾਂ ਦੀ ਕਿਸੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਨੇ ਉਹਨਾਂ ਦੀ ਮੁਰੰਮਤ ਕਰਵਾਉਣ ਦੀ ਹਿੰਮਤ ਕੀਤੀ ਇੱਥੇ ਇਹ ਵੀ ਜ਼ਿਕਰਯੋਗ ਹੈ ਜਿਸ ਗੱਡੀ ਨਾਲ ਹਾਦਸੇ ਦੌਰਾਨ ਇਹ ਰੇਲਿੰਗਾਂ ਨੁਕਸਾਨੀਆਂ ਜਾਦੀਆਂ ਹਨ ਉਨਾਂ ਕੋਲੋਂ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਹੋਏ ਨੁਕ-ਸਾਨ ਦੀ ਭਰਪਾਈ ਕਰਨ ਮੋਟੇ ਐਸਟੀਮੇਟ ਲਗਾ ਕੇ ਰਕਮਾਂ ਵਸੂਲਦੇ ਹਨ ਪਰ ਉੱਥੇ ਪਰ ਉੱਥੇ ਰੇਲਿੰਗਾਂ ਦੀ ਮੁਰੰਮਤ ਨਹੀ ਕਰਾਈ ਜਿਸ ਕਾਰਨ ਉਸ ਟੁੱਟੀਆਂ ਰੇਲਿੰਗਾਂ ਦੀ ਥਾਂ ਜੰਗਲੀ ਜਾਨਵਰ ਅਤੇ ਬੇਸਹਾਰਾ ਪਸ਼ੂ ਸੜਕ ਦੇ ਅੰਦਰ ਆ ਕੇ ਵੱਡੇ ਹਾਦਸਿਆਂ ਨੂੰ ਜਨਮ ਦਿਨ ਪਰ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀ ਕੁੰਭਕਰਨੀ ਨੀਂਦ ਸੁੱਤੇ ਪਏ ਹੋਰ ਹਾਦਸਿਆਂ ਦੀ ਉਡੀਕ ਕਰ ਰਹੇ ਹਨ। ਇੱਥੇ ਇਹੀ ਦੱਸਣ ਯੋਗ ਬਾਰਿਸ਼ਾਂ ਦੇ ਮੌਸਮ ਦੌਰਾਨ ਇਸ ਸੜਕ ਤੇ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਵੱਡੀ ਮਾਤਰਾ ਵਿੱਚ ਬਾਰਿਸ਼ ਦਾ ਪਾਣੀ ਸੜਕ ਦੇ ਵਿੱਚਕਾਰ ਅਤੇ ਕਿਨਾਰਿਆਂ ਕਰਨ ਆਵਾਜਾਈ ਵਿੱਚ ਭਾਰੀ ਵਿਘਨ ਅਤੇ ਹਾਦਸਿਆਂ ਦਾ ਡਰ ਬਣਿਆਂ ਰਹਿੰਦਾ ਅਤੇ ਕਈ ਵਾਰੀ ਇਹ ਸੜਕ ਤੇ ਖੜਾ ਪਾਣੀ ਤੇਜ਼ ਸਪੀਡ ਵਾਹਨਾਂ ਦੇ ਅਗਲੇ ਸ਼ੀਸ਼ੀਆਂ ਤੇ ਵੱਜਣ ਨਾਲ ਕਈ ਵੱਡੇ ਹਾਦਸੇ ਹੋ ਚੁੱਕੇ ਹਨ ਪਰ ਇਹ ਪਾਣੀ ਦੀ ਨਿਕਾਸੀ ਕਰਾਉਣ ਦੀ ਡਿਊਟੀ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਦੀ ਬਣਦੀ ਹੈ। ਪਰ ਉਹ ਸਿਰਫ ਗੱਡੀਆਂ ਕੋਲੋਂ ਮੋਟੇ ਟੋਲ ਵਸੂਲਣ ਦੀ ਹੀ ਆਪਣੀ ਡਿਊਟੀ ਨਿਭਾ ਰਹੇ ਹਨ ਪਰ ਜਿਹਨਾਂ ਲੋਕਾਂ ਕੋਲੋਂ ਵੱਡੇ ਪੱਧਰ ਤੇ ਟੋਲ ਵਸੂਲ ਰਹੇ ਹਨ ।ਉਨਾਂ ਦੀ ਸੁਵਿਧਾ ਲਈ ਕੋਈ ਠੋਸ ਕਦਮ ਨਹੀ ਚੁੱਕ ਰਹੇ ਜਿਸ ਤੇ ਇਲਾਕੇ ਦੇ ਲੋਕਾਂ ਅਤੇ ਰਾਹਗੀਰਾਂ ਨੇ ਪ੍ਰਸ਼ਾਨਿਕ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਇਸ ਤਕਲੀਫ ਵੱਲ ਜਲਦ ਜਲਦ ਧਿਆਨ ਕਰਕੇ ਹੱਲ ਕੀਤਾ ਜਾਵੇ।

# "ਮਿਸਟਰ ਐਂਡ ਮਿਸ ਨੌਰਦਰਨ ਇੰਡੀਆ ਸੀਜ਼ਨ 3" ਲਈ ਆਡੀਸ਼ਨ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ ਸ਼ਾਨਦਾਰ ਆਗਾਜ




**ਨਵਾਸ਼ਹਿਰ /ਕਾਠਗੜ੍ਹ 29 ਮਾਰਚ ( ਜਤਿੰਦਰ ਪਾਲ ਸਿੰਘ ਕਲੇਰ )** ਫੀਟ ਆਫ਼ ਫਾਇਰ ਫਾਊਂਡੇਸ਼ਨ ਅਤੇ ਦ ਬੈਕਬੈਂਚਰਜ਼ ਗਰੁੱਪ ਦੀ ਸਾਂਝੀ ਅਗਵਾਈ ਹੇਠ, ਉੱਤਰੀ ਭਾਰਤ ਦੇ ਸਭ ਤੋਂ ਵੱਕਾਰੀ ਸੁੰਦਰਤਾ ਮੁਕਾਬਲੇ, "ਮਿਸਟਰ ਐਂਡ ਮਿਸ ਨੌਰਦਰਨ ਇੰਡੀਆ" (ਸੀਜ਼ਨ 3) ਲਈ ਆਡੀਸ਼ਨ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ (ਐਲ ਟੀ ਐਸ ਯੂ ) ਪੰਜਾਬ ਵਿਖੇ ਬਹੁਤ ਧੂਮਧਾਮ ਨਾਲ ਆਯੋਜਿਤ ਕੀਤੇ ਗਏ। ਅਮਿਤ ਭਾਟੀਆ ਇਸ ਸ਼ਾਨਦਾਰ ਸਮਾਗਮ ਦੇ ਸੰਚਾਲਕ ਸਨ । ਆਡੀਸ਼ਨ ਟੀਮ ਦੇ ਸਾਰੇ ਮੈਂਬਰਾਂ ਦਾ ਯੂਨੀਵਰਸਿਟੀ ਕੈਂਪਸ ਵਿੱਚ ਚਾਂਸਲਰ ਐਨ.ਐਸ. ਰਿਆਤ, ਵਾਈਸ ਚਾਂਸਲਰ ਡਾ. ਏ.ਐਸ. ਚਾਵਲਾ ਅਤੇ ਰਜਿਸਟਰਾਰ ਡਾ. ਬੀ.ਐਸ. ਸਤਿਆਲ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ। ਇੱਕ ਸਿਤਾਰਿਆਂ ਨਾਲ ਭਰੀ ਸ਼ਾਮ ਵਿੱਚ ਗਲੈਮਰ ਜਗਤ ਦੀਆਂ ਕਈ ਪ੍ਰਮੁੱਖ ਹਸਤੀਆਂ ਨੇ ਆਪਣੀ ਮੌਜੂਦਗੀ ਨਾਲ ਆਡੀਸ਼ਨਾਂ ਨੂੰ ਸ਼ੋਭਾ ਦਿੱਤੀ। ਵਿਸ਼ੇਸ਼ ਮਹਿਮਾਨਾਂ ਵਿੱਚ ਇੰਦਰ ਪਾਲ ਸਿੰਘ (ਸਪਾਂਸਰ) ਅਤੇ ਅਕਸ਼ਜ ਸ਼ਾਮਲ ਸਨ। ਮਾਰਕੀਟਿੰਗ ਹੈੱਡ ਸੰਨੀ ਰਾਜਪੂਤ ਅਤੇ ਮਾਰਕੀਟਿੰਗ ਅਤੇ ਵਿੱਤ ਮੁਖੀ ਜਗਦੀਸ਼ ਨੇ ਸਮਾਗਮ ਦੇ ਸਫਲ ਸੰਚਾਲਨ ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ। ਪ੍ਰੋਗਰਾਮ ਕੋਆਰਡੀਨੇਟਰ ਪ੍ਰੋ. ਸੁਖਵਿੰਦਰ ਕੌਰ ਨੇ ਦੱਸਿਆ ਕਿ ਉੱਤਰੀ ਭਾਰਤ ਦੇ ਵੱਖ-ਵੱਖ ਖੇਤਰਾਂ ਤੋਂ 150 ਪ੍ਰਤੀਭਾਗੀਆਂ ਨੇ ਆਡੀਸ਼ਨ ਵਿੱਚ ਹਿੱਸਾ ਲਿਆ। ਡਰੈੱਸ ਕੋਡ ਦੀ ਪਾਲਣਾ ਕਰਦੇ ਹੋਏ, ਨੌਜਵਾਨਾਂ ਨੇ ਚਿੱਟੀ ਟੀ-ਸ਼ਰਟ ਅਤੇ ਨੀਲੀ ਡੈਨਿਮ ਜੀਨਸ ਵਿੱਚ ਰੈਂਪ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜੱਜਾਂ ਨੂੰ ਆਪਣੀ ਪ੍ਰਤਿਭਾ ਅਤੇ ਵਿਸ਼ਵਾਸ ਨਾਲ ਪ੍ਰਭਾਵਿਤ ਕੀਤਾ। ਇਸ ਸਮਾਗਮ ਵਿੱਚ ਸਾਬਕਾ ਜੇਤੂ ਅਤੇ ਪ੍ਰਭਾਵਸ਼ਾਲੀ ਹਸਤੀਆਂ ਜਿਵੇਂ ਕਿ ਸਨੇਹਾ (ਮਿਸ ਵਿੰਟਰ ਕਵੀਨ ਮਨਾਲੀ (ਹਿਮਾਚਲ ਪ੍ਰਦੇਸ਼), ਸ਼ਵੇਤਾ ਠਾਕੁਰ, ਅੰਸ਼ਾ (ਪੰਜਾਬੀ ਗਾਇਕ), ਆਸ਼ੂ, ਅਤੇ ਸ਼ਗੁਨ ਵਰਮਾ ਨੇ ਵੀ ਸ਼ਿਰਕਤ ਕੀਤੀ। ਆਰਗੇਨਾਈਜ਼ਰ ਅਮਿਤ ਭਾਟੀਆ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੈਮੀਫਾਈਨਲ ਹੋਰ ਵੀ ਔਖੇ ਹੋਣਗੇ। ਉਨ੍ਹਾਂ ਐਲਾਨ ਕੀਤਾ ਕਿ ਮਿਸ ਯੂਨੀਵਰਸ ਇੰਡੀਆ 2025, ਮਨਿਕਾ ਵਿਸ਼ਵਕਰਮਾ ਅਤੇ ਮਿਸਟਰ ਇੰਡੀਆ ਸੁਪਰਨੈਸ਼ਨਲ 2025 ਸ਼ੁਭਮ ਸੀਜ਼ਨ ਦੇ ਗ੍ਰੈਂਡ ਫਿਨਾਲੇ ਵਿੱਚ ਮੁੱਖ ਮਹਿਮਾਨ ਹੋਣਗੇ। ਉਨ੍ਹਾਂ ਨੌਜਵਾਨਾਂ ਨੂੰ ਇੱਕ ਮਹੱਤਵਪੂਰਨ ਸੰਦੇਸ਼ ਦਿੰਦਿਆਂ ਕਿਹਾ ਕਿ ਇਸ ਮੁਕਾਬਲੇ ਦਾ ਉਦੇਸ਼ ਸਿਰਫ਼ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਸਹੀ ਦਿਸ਼ਾ ਵਿੱਚ ਮਾਰਗਦਰਸ਼ਨ ਕਰਨਾ ਵੀ ਹੈ। ਉਨ੍ਹਾਂ ਨੇ "ਅੱਜ ਦੇ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣ ਅਤੇ ਆਪਣੀ ਊਰਜਾ ਕਲਾ, ਤੰਦਰੁਸਤੀ ਅਤੇ ਕਰੀਅਰ ਨਿਰਮਾਣ 'ਤੇ ਕੇਂਦ੍ਰਿਤ ਕਰਨ" ਦੀ ਜ਼ੋਰਦਾਰ ਅਪੀਲ ਕੀਤੀ। ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਵਿਖੇ ਆਯੋਜਿਤ ਇਨ੍ਹਾਂ ਆਡੀਸ਼ਨਾਂ ਦੇ ਸਫਲਤਾਪੂਰਵਕ ਸੰਪੂਰਨ ਹੋਣ ਤੋਂ ਬਾਅਦ, ਹੁਣ ਸਾਰਿਆਂ ਦੀਆਂ ਨਜ਼ਰਾਂ ਇਸਦੇ ਗ੍ਰੈਂਡ ਫਿਨਾਲੇ 'ਤੇ ਹਨ। ਡਾ. ਐਚ.ਪੀ.ਐਸ. ਧਾਮੀ (ਕਾਰਜਕਾਰੀ ਡੀਨ), ਸ਼੍ਰੀ. ਵਿਮਲ ਮਨਹੋਤਰਾ (ਸੀ.ਈ.ਓ.), ਡਾ. ਵੀ.ਕੇ. ਸੈਣੀ, (ਡੀ.ਐਸ.ਡਬਲਯੂ. ), ਪ੍ਰੋ: ਨਰਿੰਦਰ ਭੁੰਬਲਾ (ਪੀ.ਆਰ.ਓ.), ਆਨੰਦ ਭੱਟੀ, ਯੂਨੀਵਰਸਿਟੀ ਦੇ ਹੋਰ ਸੀਨੀਅਰ ਅਧਿਕਾਰੀ ਅਤੇ ਮੀਡੀਆ ਦੀਆਂ ਉੱਘੀਆਂ ਸ਼ਖਸੀਅਤਾਂ ਇਸ ਮੌਕੇ ਹਾਜ਼ਰ ਸਨ।

# ਜਗਤਾਰ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ ਕਮੇਟੀ ਨੇ ਆਗਾਮੀ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਸੰਬੰਧੀ ਆਪਣੇ ਮਾਡਲ ਟਾਊਨ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਕੀਤੀ

**ਲੁਧਿਆਣਾ 29 ਮਾਰਚ (ਕਰਨੈਲ ਸਿੰਘ ਐੱਮ.ਏ.)** ਜਗਤਾਰ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ ਕਮੇਟੀ ਨੇ ਆਗਾਮੀ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਸੰਬੰਧੀ ਆਪਣੇ ਮਾਡਲ ਟਾਊਨ ਦਫ਼ਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਕੀਤੀ। ਇਹ ਟੂਰਨਾਮੈਂਟ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰੈਸ ਕਾਨਫਰੰਸ ਦੌਰਾਨ ਕਮੇਟੀ ਮੈਂਬਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੁਧਿਆਣਾ ਨੂੰ ਘੱਟੋ-ਘੱਟ ਦੋ ਅੰਤਰਰਾਸ਼ਟਰੀ ਮੈਚ ਦਿੱਤੇ ਜਾਣੇ ਚਾਹੀਦੇ ਹਨ ਅਤੇ ਟੂਰਨਾਮੈਂਟ ਦਾ ਫਾਈਨਲ ਜਾਂ ਸੈਮੀਫਾਈਨਲ ਲੁਧਿਆਣਾ ਵਿੱਚ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਸ਼ਹਿਰ ਵਿੱਚ ਹਾਕੀ ਦੀ ਖੇਡ ਨੂੰ ਉਤਸ਼ਾਹਿਤ ਕੀਤਾ ਜਾ ਸਕੇ।




ਕਮੇਟੀ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ, ਸ਼੍ਰੀ ਹਿਮਾਂਸ਼ੂ ਜੈਨ (ਆਈ.ਏ.ਐਸ.) ਦਾ 13 ਮਾਰਚ, 2026 ਨੂੰ ਮੁੱਖ ਦਫ਼ਤਰ ਦੇ ਦੌਰੇ ਦੌਰਾਨ ਟੂਰਨਾਮੈਂਟ ਦੇ ਪੂਰੇ ਸਮਰਥਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ 'ਤੇ ਇਹ ਵੀ ਐਲਾਨ ਕੀਤਾ ਗਿਆ ਕਿ ਹਾਕੀ ਟੂਰਨਾਮੈਂਟ ਦੇ 9ਵੇਂ ਐਡੀਸ਼ਨ ਲਈ ਸੋਵੀਨਾਰ 30 ਅਪ੍ਰੈਲ, 2026 ਨੂੰ ਹਾਕੀ ਓਲੰਪੀਅਨ ਅਤੇ ਲੁਧਿਆਣਾ ਪੁਲਿਸ ਕਮਿਸ਼ਨਰ ਦੁਆਰਾ ਜਾਰੀ ਕੀਤਾ ਜਾਵੇਗਾ। ਮੀਟਿੰਗ ਵਿੱਚ ਐਡਵੋਕੇਟ ਗੁਰਿੰਦਰਪ੍ਰੀਤ ਸਿੰਘ, ਐਡਵੋਕੇਟ ਨੀਰਜ ਸ਼ਰਮਾ, ਐਡਵੋਕੇਟ ਗੁਰਨੇਕ ਸਿੰਘ, ਜਸਵਿੰਦਰ ਸਿੰਘ ਮਾਦਪੁਰ, ਕਰਨ ਸਿੰਘ ਥਿੰਦ, ਮਨਜਿੰਦਰ ਸਿੰਘ ਦਿਓਲ, ਐਡਵੋਕੇਟ ਅਵਧੇਸ਼ ਚੌਰਸੀਆ, ਦਰਸ਼ਨ ਸਿੰਘ, ਐਡਵੋਕੇਟ ਜਿੰਮੀ ਮਲਹੋਤਰਾ, ਡਾ: ਜਸਪਾਲ ਸਿੰਘ ਸੈਣੀ ਅਤੇ ਹੋਰ ਮੈਂਬਰ ਮੌਜੂਦ ਸਨ।

# ਰਿਟਾ.ਡੀ.ਜੀ.ਪੀ ਮੁਹੰਮਦ ਮੁਸਤਫ਼ਾ ਪਰਿਵਾਰ ਵੱਲੋਂ ਅਪਣੇ ਮਰਹੂਮ ਬੇਟੇ ਆਕਿਲ ਅਖ਼ਤਰ ਦੀ ਯਾਦ 'ਚ ਹਥਨ ਵਾਸੀਆਂ ਨੂੰ ਐਂਬੂਲੈਂਸ ਦਿੱਤੀ ਜਾਵੇਗੀ : ਮੁਹੰਮਦ ਅਨਵਾਰ ਮਹਿਬੂਬ

**ਮਾਲੇਰਕੋਟਲਾ 28 ਮਾਰਚ (ਕੁਲਵੰਤ ਸਿੰਘ ਮੁਹਾਲੀ):-** ਪੰਜਾਬ ਪੁਲਿਸ ਦੇ ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫ਼ਾ ਅਤੇ ਸਾਬਕਾ ਕੈਬਨਿਟ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਦੇ ਪਰਿਵਾਰ ਵੱਲੋਂ ਅਪਣੇ ਮਰਹੂਮ ਬੇਟੇ ਆਕਿਲ ਅਖ਼ਤਰ ਦੀ ਯਾਦ ਵਿੱਚ ਹਲਕੇ ਦੇ ਪਿੰਡ ਹਥਨ ਨੂੰ 31 ਮਾਰਚ ਦਿਨ ਮੰਗਲਵਾਰ ਨੂੰ ਨਵੀਂ ਐਂਬੂਲੈਂਸ ਦਿੱਤੀ ਜਾਵੇਗੀ। ਉੱਕਤ ਜਾਣਕਾਰੀ "ਮਾਲੇਰਕੋਟਲਾ ਹਾਊਸ" ਦੇ ਮੁੱਖ ਬੁਲਾਰੇ ਮੁਹੰਮਦ ਅਨਵਾਰ ਮਹਿਬੂਬ ਨੇ ਦਿੰਦਿਆਂ ਦੱਸਿਆ ਕਿ 27 ਫ਼ਰਵਰੀ 2026 ਨੂੰ ਪਿੰਡ ਹਥਨ ਦੇ ਵਫ਼ਾਦਾਰ ਕਾਂਗਰਸੀ ਵਰਕਰਾਂ ਦੀ ਹੋਈ ਮੀਟਿੰਗ ਵਿੱਚ ਜੋ ਵਾਅਦਾ ਕੀਤਾ ਗਿਆ ਸੀ, "ਮਾਲੇਰਕੋਟਲਾ ਹਾਊਸ" ਨੇ ਉਸ ਨੂੰ ਪੂਰਾ ਕਰ ਦਿੱਤਾ ਹੈ। ਗਰੀਬ ਅਤੇ ਲੋੜਵੰਦ ਲੋਕਾਂ ਦੀ ਸੇਵਾ ਲਈ ਮਾਰਚ




ਖ਼ਤਮ ਹੋਣ ਤੋਂ ਪਹਿਲਾਂ ਹੀ ਐਂਬੂਲੈਂਸ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਮੁੱਖ ਬੁਲਾਰੇ ਨੇ ਕਿਹਾ "ਮਾਲੇਰਕੋਟਲਾ ਹਾਊਸ" (ਮੁਸਤਫ਼ਾ , ਰਜ਼ੀਆ) ਪਰਿਵਾਰ ਦੀ ਰਵਾਇਤ ਰਹੀ ਹੈ ਕਿ ਉਹ ਕਦੇ ਝੂਠੇ ਵਾਅਦੇ ਨਹੀਂ ਕਰਦੇ ਜੋ ਕਹਿੰਦੇ ਹਨ ਉਸ ਨੂੰ ਨਿਭਾਉਂਦੇ ਹਨ । ਹੁਣ ਸਾਰੇ ਜ਼ਰੂਰੀ ਸਾਜ਼ੋ-ਸਾਮਾਨ ਨਾਲ ਲੈਸ ਇਹ ਨਵੀਂ ਐਂਬੂਲੈਂਸ ਕਾਗਜ਼ੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਇਸ ਸੋਮਵਾਰ ਨੂੰ ਮਾਲੇਰਕੋਟਲਾ ਹਾਊਸ ਪਹੁੰਚ ਜਾਵੇਗੀ ।"ਮਾਲੇਰਕੋਟਲਾ ਹਾਊਸ" (ਰਜ਼ੀਆ ਸੁਲਤਾਨਾ ਅਤੇ ਮੁਹੰਮਦ ਮੁਸਤਫ਼ਾ) ਵੱਲੋਂ ਇਕਲੌਤੇ ਸਪੁੱਤਰ ਮਰਹੂਮ ਆਕਿਲ ਅਖ਼ਤਰ ਦੀ ਯਾਦ ਵਿੱਚ ਇਸ ਦਾ ਨਾਮ "ਆਕਿਲ ਐਂਬੂਲੈਂਸ ਸੇਵਾ" ਰੱਖਿਆ ਗਿਆ ਹੈ । 31ਮਾਰਚ ਮੰਗਲਵਾਰ ਨੂੰ ਸਾਬਕਾ ਕੈਬਨਿਟ ਮੰਤਰੀ ਮੈਡਮ ਰਜ਼ੀਆ ਸੁਲਤਾਨਾ ਅਤੇ ਉਹਨਾਂ ਦਾ ਪਰਿਵਾਰ ਇਹ ਐਂਬੂਲੈਂਸ ਪਿੰਡ ਵਾਸੀਆਂ ਹਵਾਲੇ ਕਰੇਗਾ।

# ਸ਼੍ਰੀ ਰਾਮ ਦਰਬਾਰ ਨਤਮਸਤਕ ਹੋਏ ਕਬੱਡੀ ਪ੍ਰਮੋਟਰ ਮੋਹਨਬੀਰ ਬੱਲ ਤੇ ਸਮਾਜ ਸੇਵੀ ਸੂਰਜ ਸ਼ਰਮਾ




**ਭੁਲੱਥ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸ਼੍ਰੀ ਰਾਮ ਦਰਬਾਰ ਹਨੂਮਾਨ ਮੰਦਿਰ ਭੁਲੱਥ ਵਿਖੇ ਅੱਜ ਕਬੱਡੀ ਕਿੰਗ ਮੋਹਨਬੀਰ ਸਿੰਘ ਬੱਲ ਤੇ ਕਬੱਡੀ ਪ੍ਰਮੋਟਰ ਤੇ ਉੱਘੇ ਸਮਾਜ ਸੇਵਕ ਸੂਰਜ ਸ਼ਰਮਾ ਨਤਮਸਤਕ ਹੋਏ। ਉਹਨਾਂ ਉੱਥੇ ਸ਼੍ਰੀ ਸ਼੍ਰੀ 1008 ਸੰਤ ਗੋਪਾਲ ਦਾਸ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਦਰਬਾਰ ਦੇ ਮੁੱਖ ਸੇਵਾਦਾਰ ਤੇ ਗੱਦੀ ਨਸ਼ੀਨ ਸੰਤ ਸ੍ਰੀ ਲਸ਼ਮਣ ਦਾਸ ਜੀ ਦੇ ਅਨਮੋਲ ਬਚਨ ਸਾਂਝੇ ਕੀਤੇ ਅਤੇ ਉਹਨਾਂ ਤੋਂ ਧਾਰਮਿਕ ਕਥਾ ਸੁਣੀ। ਭੁਲੱਥ ਵਿਖੇ 13,14 ਤੇ 15 ਅਪ੍ਰੈਲ ਨੂੰ ਹੋਣ ਵਾਲੇ ਮਹਾਨ ਕਬੱਡੀ ਕੱਪ ਲਈ ਆਸ਼ੀਰਵਾਦ ਲਿਆ ਅਤੇ ਸੰਤਾਂ ਨੂੰ ਕਬੱਡੀ ਕੱਪ ਦੀ ਸ਼ੁਰੂਆਤ ਮੌਕੇ ਚਰਨ ਕਮਲ ਦਾ ਸੱਦਾ ਵੀ ਦਿੱਤਾ। ਇਸ ਦੌਰਾਨ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ ਅਤੇ ਨਗਰ ਦਾ ਨਾਮ ਵਿਸ਼ਵ ਭਰ ਵਿੱਚ ਪ੍ਰਸਿੱਧ ਕਰਨ ਤੇ ਪ੍ਰਸ਼ੰਸਾ ਵੀ ਕੀਤੀ। ਇਸ ਮੌਕੇ ਮਾ. ਕੰਵਲਜੀਤ ਮੰਨਣ, ਸ਼ਾਮ ਲਾਲ ਸ਼ਰਮਾ, ਅਨਿਲ ਦੱਤਾ, ਡਾਇਮੰਡ ਖੁਰਾਣਾ, ਪ੍ਰਤਾਪ ਸਿੰਘ ਭਿੰਡਰ, ਮਿੱਕੀ ਅਰੋੜਾ, ਰਜੇਸ਼ ਕੁਮਾਰ ਬੱਗਾ, ਸ਼ੁਭਾਸ਼ ਚੰਦਰ ਸਹਿਗਲ, ਠਾਕੁਰ ਨਰਾਇਣ ਸਿੰਘ, ਪਰਮਜੀਤ ਪੁਰੀ, ਰਾਮ ਲੁਭਾਇਆ, ਨਰੇਸ਼ ਨੰਦਾ ਤੇ ਹੋਰ ਹਾਜਰ ਸਨ।

# ਸਰਕਾਰ ਵੱਲੋਂ ਸਾਰੀਆਂ ਗਰੰਟੀਆਂ ਪੂਰੀਆਂ ਕੀਤੀਆਂ : ਬਲਜਿੰਦਰ ਸਿੰਘ ਬਿੱਲਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੈਂਬਰ ਪੰਜਾਬ ਸਟੇਟ ਟਰੇਡ ਕਮਿਸ਼ਨ ਆਤਮ ਨਗਰ ਬਲਜਿੰਦਰ ਸਿੰਘ ਬਿੱਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਸਰਕਾਰ ਵੱਲੋਂ ਮੁਫਤ ਬਿਜਲੀ, ਸਿਹਤ ਬੀਮਾ ਯੋਜਨਾ ਸਮੇਤ ਸਾਰੀਆਂ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਅਤੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਗਏ। ਉਹਨਾਂ ਕਿਹਾ ਕਿ ਮਹਿਲਾਵਾਂ ਨੂੰ 1000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਵੀ ਕਰ ਦਿਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਲੋਕਾਂ ਨੂੰ ਭਾਰੀ ਲਾਭ ਹੋਵੇਗਾ ਅਤੇ ਇਹ ਯੋਜਨਾ ਪੂਰੀ ਤਰ੍ਹਾਂ ਲੋਕਾਂ ਦੇ ਹਿਤ ਵਿੱਚ ਹੈ। ਉਹਨਾਂ ਕਿਹਾ ਕਿ ਇਸ ਯੋਜਨਾ ਦੇ ਤਹਿਤ ਪੰਜਾਬ ਦੇ ਵਾਸੀ 10 ਲੱਖ ਰੁਪਏ ਦਾ ਮੁਫਤ ਇਲਾਜ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਕਰਵਾ ਸਕਣਗੇ ਅਤੇ ਸੂਬੇ ਦੇ 65 ਲੱਖ ਲੋਕਾਂ ਨੂੰ ਇਸਦਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਉਹਨਾਂ ਕਿਹਾ



ਕਿ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਖੁਸ਼ ਅਤੇ ਸੰਤੁਸ਼ਟ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਾਰੇ ਹੀ ਵਰਗਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾ ਰਿਹਾ ਹੈ ਅਤੇ ਸਿਹਤ ਬੀਮਾ ਯੋਜਨਾ ਪੂਰੀ ਤਰ੍ਹਾਂ ਲੋਕਾਂ ਦੇ ਹਿਤ ਵਿੱਚ ਹੈ।

# ਨਸਲਵਾਦ ਖਿਲਾਫ਼ ਮਾਰਚ 'ਚ ਇੰਡਿਅਨ ਵਰਕਰਜ਼ ਐਸੋਸੀਏਸ਼ਨ ਦੀ ਭਾਰੀ ਸ਼ਮੂਲੀਅਤ








**ਲੈਸਟਰ (ਇੰਗਲੈਂਡ), 29 ਮਾਰਚ (ਸੁਖਜਿੰਦਰ ਸਿੰਘ ਢੱਡੇ)–** ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਮੈਂਬਰਾਂ ਨੇ ਸੈਂਟਰਲ ਲੰਡਨ ਵਿੱਚ ਹੋਈ ਵੱਡੀ ਨਸਲਵਾਦ ਵਿਰੋਧੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮਾਰਚ ਵਿੱਚ ਲੈਸਟਰ, ਬਰਮਿੰਘਮ, ਈਸਟ ਲੰਡਨ ਅਤੇ ਵੈਸਟ ਲੰਡਨ ਸਮੇਤ ਕਈ ਸ਼ਾਖਾਵਾਂ ਦੇ ਮੈਂਬਰ Together Alilance ਦੇ ਬੈਨਰ ਹੇਠ ਸ਼ਾਮਲ ਹੋਏ ਅਤੇ ਟਰੇਡ ਯੂਨੀਅਨਾਂ, ਕਮਿਊਨਿਟੀ ਸੰਸਥਾਵਾਂ ਤੇ ਸਮਾਜਿਕ ਗਰੁੱਪਾਂ ਦੇ ਲੱਖਾਂ ਲੋਕਾਂ ਨਾਲ ਇਕੱਠੇ ਕਦਮ ਮਿਲਾਏ। ਰੈਲੀ ਵਿੱਚ ਸ਼ਾਮਲ ਲੋਕਾਂ ਨੇ ਨਸਲਵਾਦ, ਫਾਸੀਵਾਦ ਅਤੇ ਬ੍ਰਿਟੇਨ ਦੀ ਰਾਜਨੀਤੀ ਵਿੱਚ ਵਧ ਰਹੀਆਂ ਫਾਰ ਰਾਈਟ ਤਾਕਤਾਂ ਦੇ ਖਿਲਾਫ਼ ਇਕਜੁਟ ਹੋ ਕੇ ਆਵਾਜ਼ ਬੁਲੰਦ ਕੀਤੀ। ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਬਰਾਬਰੀ, ਇਨਸਾਫ਼, ਅਮਨ ਅਤੇ ਇਕਜੁਟਤਾ ਦੇ ਹੱਕ ਵਿੱਚ ਆਪਣਾ ਸਮਰਥਨ ਜਤਾਇਆ।
ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਸਲਵਾਦ ਦੇ ਖਿਲਾਫ਼ ਲੜਾਈ ਅਤੇ ਮਜ਼ਦੂਰਾਂ, ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਸੰਸਥਾ ਨੇ ਕਿਹਾ ਕਿ ਆਪਣੀ ਸਥਾਪਨਾ ਤੋਂ ਹੀ ਇਹ ਬਰਾਬਰੀ, ਮਜ਼ਦੂਰ ਹੱਕਾਂ, ਨਸਲਵਾਦ ਵਿਰੋਧ ਅਤੇ ਸਮਾਜਿਕ ਨਿਆਂ ਲਈ ਸਰਗਰਮ ਰਹੀ ਹੈ। ਸੰਸਥਾ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇੰਡਿਅਨ ਵਰਕਰਜ਼ ਐਸੋਸੀਏਸ਼ਨ ਨਸਲਵਾਦ, ਫਾਸੀਵਾਦ ਅਤੇ ਨਫ਼ਰਤ ਦੀ ਰਾਜਨੀਤੀ ਦੇ ਖਿਲਾਫ਼ ਡਟ ਕੇ ਖੜੀ ਹੈ। ਉਨ੍ਹਾਂ ਕਿਹਾ ਕਿ ਲੈਸਟਰ, ਬਰਮਿੰਘਮ, ਅਤੇ ਹੋਰ ਸ਼ਹਿਰਾਂ ਤੋਂ ਮੈਂਬਰ ਵੱਡੀ ਗਿਣਤੀ ਵਿੱਚ ਮਾਰਚ ਵਿੱਚ ਸ਼ਾਮਲ ਹੋਏ ਤਾਂ ਜੋ ਇਹ ਸਪਸ਼ਟ ਕੀਤਾ ਜਾ ਸਕੇ ਕਿ ਕਮਿਊਨਿਟੀਆਂ ਨੂੰ ਵੰਡਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਬ੍ਰਿਟੇਨ ਦੇ ਨਿਰਮਾਣ ਵਿੱਚ ਵੱਖ-ਵੱਖ ਸੱਭਿਆਚਾਰਾਂ ਅਤੇ ਭਾਈਚਾਰਿਆਂ ਦੇ ਲੋਕਾਂ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਪ੍ਰਵਾਸੀਆਂ ਨੇ ਨੈਸ਼ਨਲ ਹੈਲਥ ਸਰਵਿਸ ਸਮੇਤ ਕਈ ਖੇਤਰਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਫਾਰ ਰਾਈਟ ਤਾਕਤਾਂ ਵੱਲੋਂ ਸਮਾਜ ਵਿੱਚ ਡਰ ਅਤੇ ਨਫ਼ਰਤ ਫੈਲਾਉਣ ਦੀ ਹਰ ਕੋਸ਼ਿਸ਼ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ। ਇੰਡਿਅਨ ਵਰਕਰਜ਼ ਐਸੋਸੀਏਸ਼ਨ ਨੇ ਕਿਹਾ ਕਿ ਮਜ਼ਦੂਰਾਂ ਅਤੇ ਕਮਿਊਨਿਟੀਆਂ ਦੀ ਇਕਜੁਟਤਾ ਹੀ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਦਾ ਸਭ ਤੋਂ ਮਜ਼ਬੂਤ ਜਵਾਬ ਹੈ। ਸੰਸਥਾ ਨੇ ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਗਰੁੱਪਾਂ ਨੂੰ ਅਪੀਲ ਕੀਤੀ ਕਿ ਉਹ ਨਸਲਵਾਦ ਦੇ ਖਿਲਾਫ਼ ਇਕੱਠੇ ਕੰਮ ਕਰਨ ਅਤੇ ਹਰ ਵਿਅਕਤੀ ਦੇ ਹੱਕਾਂ ਅਤੇ ਇਜ਼ਤ ਦੀ ਰੱਖਿਆ ਯਕੀਨੀ ਬਣਾਉਣ। ਸੰਸਥਾ ਨੇ ਦੁਨੀਆ ਵਿੱਚ ਵਧ ਰਹੀਆਂ ਜੰਗਾਂ ਅਤੇ ਟਕਰਾਵਾਂ ਬਾਰੇ ਵੀ ਚਿੰਤਾ ਜਤਾਉਂਦਿਆਂ ਕਿਹਾ ਕਿ ਨਸਲਵਾਦ, ਵੰਡ ਅਤੇ ਜੰਗ ਅਕਸਰ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਅਮਨ ਅਤੇ ਇਕਜੁਟਤਾ ਲਈ ਸਾਂਝੀ ਕੋਸ਼ਿਸ਼ਾਂ ਦੀ ਲੋੜ ਹੈ।

# ਅੱਧਾ ਮਿਲੀਅਨ ਲੋਕ ਸੜਕਾਂ 'ਤੇ: ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਸਲਵਾਦ ਅਤੇ ਫਾਰ ਰਾਈਟ ਦੇ ਖਿਲਾਫ਼ ਇਤਿਹਾਸਕ ਮਾਰਚ ਵਿੱਚ ਭਾਗ ਲਿਆ













IWA-GB ਦੀਆਂ ਸ਼ਾਖਾਵਾਂ — ਲੇਸਟਰ, ਬਰਮਿੰਘਮ, ਈਸਟ ਲੰਡਨ ਅਤੇ ਵੈਸਟ ਲੰਡਨ — ਦੇ ਮੈਂਬਰ ਵੱਡੀ ਗਿਣਤੀ ਵਿੱਚ Together Alilance ਦੇ ਬੈਨਰ ਹੇਠ ਮਾਰਚ ਵਿੱਚ ਸ਼ਾਮਲ ਹੋਏ। ਉਹ ਟਰੇਡ ਯੂਨੀਅਨਾਂ, ਕਮਿਊਨਿਟੀ ਸੰਸਥਾਵਾਂ ਅਤੇ ਸਮਾਜਿਕ ਗਰੁੱਪਾਂ ਦੇ 5 ਲੱਖ ਤੋਂ ਵੱਧ ਲੋਕਾਂ ਨਾਲ ਕੱਧੇ ਨਾਲ ਕੱਧਾ ਮਿਲਾ ਕੇ ਚੱਲੇ।
ਇਸ ਮਾਰਚ ਨੇ ਨਸਲਵਾਦ, ਫਾਸੀਵਾਦ ਅਤੇ ਬ੍ਰਿਟੇਨ ਦੀ ਰਾਜਨੀਤੀ ਵਿੱਚ ਵਧ ਰਹੀਆਂ ਫਾਰ ਰਾਈਟ ਤਾਕਤਾਂ ਦੇ ਖਿਲਾਫ਼ ਇੱਕ ਮਜ਼ਬੂਤ ਸੰਦੇਸ਼ ਦਿੱਤਾ।
ਇਸ ਰੈਲੀ ਵਿੱਚ ਵੱਖ-ਵੱਖ ਕਮਿਊਨਿਟੀਆਂ ਦੇ ਲੋਕ ਇਕੱਠੇ ਹੋਏ ਜੋ ਬਰਾਬਰੀ, ਇਨਸਾਫ਼, ਅਮਨ ਅਤੇ ਇੱਕਜੁਟਤਾ ਵਿੱਚ ਵਿਸ਼ਵਾਸ ਰੱਖਦੇ ਹਨ।
ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਸਲਵਾਦ ਦੇ ਖਿਲਾਫ਼ ਲੜਨ ਅਤੇ ਮਜ਼ਦੂਰਾਂ, ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਰੱਖਿਆ ਕਰਨ ਲਈ ਆਪਣੀ ਪੁਰਾਣੀ ਵਚਨਬੱਧਤਾ ਨੂੰ ਦੁਹਰਾਇਆ। ਆਪਣੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਇਹ ਸੰਸਥਾ ਬ੍ਰਿਟੇਨ ਵਿੱਚ ਬਰਾਬਰੀ, ਨਸਲਵਾਦ ਵਿਰੋਧ, ਮਜ਼ਦੂਰ ਹੱਕਾਂ ਅਤੇ ਸਮਾਜਿਕ ਨਿਆਂ ਲਈ ਕੰਮ ਕਰਦੀ ਆ ਰਹੀ ਹੈ।
IWA-GB ਦੇ ਮੈਂਬਰ ਇਸ ਮਾਰਚ ਵਿੱਚ ਇਸ ਲਈ ਸ਼ਾਮਲ ਹੋਏ ਕਿਉਂਕਿ ਉਨ੍ਹਾਂ ਨੂੰ ਫਾਰ ਰਾਈਟ ਦੀ ਵਧ ਰਹੀ ਸੋਚ ਬਾਰੇ ਗੰਭੀਰ ਚਿੰਤਾ ਹੈ ਜੋ ਲੋਕਾਂ ਨੂੰ ਵੰਡਣ ਅਤੇ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਵਿਰੁੱਧ ਨਫ਼ਰਤ ਫੈਲਾਉਣ ਦੀ ਕੋਸ਼ਿਸ਼ ਕਰਦੀ ਹੈ। ਸੰਸਥਾ ਦਾ ਮੰਨਣਾ ਹੈ ਕਿ ਇਹ ਰਾਜਨੀਤੀ ਬ੍ਰਿਟੇਨ ਦੀਆਂ ਲੋਕਤੰਤਰਕ ਕਦਰਾਂ-ਕੀਮਤਾਂ, ਬਹੁ-ਸੱਭਿਆਚਾਰਕ ਸਮਾਜ ਅਤੇ ਸਮਾਜਿਕ ਇੱਕਜੁਟਤਾ ਲਈ ਖਤਰਾ ਹੈ। ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ:
"ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨਸਲਵਾਦ, ਫਾਸੀਵਾਦ ਅਤੇ ਨਫ਼ਰਤ ਦੀ ਰਾਜਨੀਤੀ ਦੇ ਖਿਲਾਫ਼ ਡਟ ਕੇ ਖੜੀ ਹੈ। ਸਾਡੇ ਮੈਂਬਰ ਲੇਸਟਰ, ਬਰਮਿੰਘਮ, ਸਾਊਥਾਲ, ਈਸਟ ਲੰਡਨ ਅਤੇ ਹੋਰ ਸ਼ਾਖਾਵਾਂ ਤੋਂ ਵੱਡੀ ਗਿਣਤੀ ਵਿੱਚ ਇਸ ਮਾਰਚ ਵਿੱਚ ਸ਼ਾਮਲ ਹੋਏ ਤਾਂ ਜੋ ਇਹ ਸਪਸ਼ਟ ਕੀਤਾ ਜਾ ਸਕੇ ਕਿ ਸਾਡੀਆਂ ਕਮਿਊਨਿਟੀਆਂ ਨੂੰ ਵੰਡਿਆ ਨਹੀਂ ਜਾ ਸਕਦਾ।
ਬ੍ਰਿਟੇਨ ਨੂੰ ਵੱਖ-ਵੱਖ ਸੱਭਿਆਚਾਰਾਂ ਅਤੇ ਕਮਿਊਨਿਟੀਆਂ ਦੇ ਲੋਕਾਂ ਦੀ ਮਿਹਨਤ ਅਤੇ ਯੋਗਦਾਨ ਨੇ ਬਣਾਇਆ ਹੈ। ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੇ ਇਸ ਦੇਸ਼ ਦੇ ਨਿਰਮਾਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਜਿਸ ਵਿੱਚ ਨੈਸ਼ਨਲ ਹੈਲਥ ਸਰਵਿਸ ਅਤੇ ਹੋਰ ਕਈ ਖੇਤਰ ਸ਼ਾਮਲ ਹਨ। ਅਸੀਂ ਇਨ੍ਹਾਂ ਕਦਰਾਂ-ਕੀਮਤਾਂ ਦੀ ਰੱਖਿਆ ਕਰਦੇ ਰਹਾਂਗੇ ਅਤੇ ਕਿਸੇ ਵੀ ਫਾਰ ਰਾਈਟ ਤਾਕਤ ਵੱਲੋਂ ਸਮਾਜ ਵਿੱਚ ਡਰ, ਨਸਲਵਾਦ ਅਤੇ ਵੰਡ ਪੈਦਾ ਕਰਨ ਦੀ ਹਰ ਕੋਸ਼ਿਸ਼ ਦਾ ਡਟ ਕੇ ਮੁਕਾਬਲਾ ਕਰਾਂਗੇ।"
ਸੰਸਥਾ ਨੇ ਕਿਹਾ ਕਿ ਮਜ਼ਦੂਰਾਂ ਅਤੇ ਕਮਿਊਨਿਟੀਆਂ ਦੀ ਇੱਕਜੁਟਤਾ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਦਾ ਸਭ ਤੋਂ ਮਜ਼ਬੂਤ ਜਵਾਬ ਹੈ। IWA-GB ਨੇ ਟਰੇਡ ਯੂਨੀਅਨਾਂ, ਲੋਕਤੰਤਰਕ ਸੰਸਥਾਵਾਂ ਅਤੇ ਕਮਿਊਨਿਟੀ ਗਰੁੱਪਾਂ ਨੂੰ ਅਪੀਲ ਕੀਤੀ ਕਿ ਉਹ ਨਸਲਵਾਦ ਦੇ ਖਿਲਾਫ਼ ਇਕੱਠੇ ਕੰਮ ਕਰਨ ਅਤੇ ਹਰ ਵਿਅਕਤੀ ਦੇ ਹੱਕਾਂ ਅਤੇ ਇਜ਼ਤ ਦੀ ਰੱਖਿਆ ਕਰਨ।
ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਦੁਨੀਆ ਵਿੱਚ ਵਧ ਰਹੀਆਂ ਜੰਗਾਂ ਅਤੇ ਟਕਰਾਵਾਂ ਬਾਰੇ ਵੀ ਚਿੰਤਾ ਜਤਾਈ। ਸੰਸਥਾ ਦਾ ਕਹਿਣਾ ਹੈ ਕਿ ਨਸਲਵਾਦ, ਵੰਡ ਅਤੇ ਜੰਗ ਅਕਸਰ ਇਕ ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਸਾਨੂੰ ਅਮਨ ਅਤੇ ਇੱਕਜੁਟਤਾ ਲਈ ਕੰਮ ਕਰਨਾ ਚਾਹੀਦਾ ਹੈ।
ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਕਮਿਊਨਿਟੀਆਂ ਵਿਚਕਾਰ ਇੱਕਜੁਟਤਾ ਨੂੰ ਮਜ਼ਬੂਤ ਕਰਨ ਅਤੇ ਬਰਾਬਰੀ, ਇਨਸਾਫ਼, ਅਮਨ ਅਤੇ ਸਮਾਜਿਕ ਸਾਂਝ ਲਈ ਸੰਘਰਸ਼ ਜਾਰੀ ਰੱਖਣ ਲਈ ਵਚਨਬੱਧ ਹੈ।

**ਜਾਰੀ ਕਰਤਾ:**
**ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ)**

# ਟੋਰਾਂਟੋ ਵਿੱਚ ਅਮਰੀਕੀ ਕੌਂਸਲੇਟ ਬਾਹਰ ‘ਨੋ ਕਿੰਗਜ਼’ ਪ੍ਰਦਰਸ਼ਨ, ਸੈਂਕੜੇ ਲੋਕ ਇਕੱਠੇ

**ਟੋਰਾਂਟੋ , (ਮਲਕੀਤ ਸਿੰਘ) –** ਟੋਰਾਂਟੋ ਵਿੱਚ ਅਮਰੀਕੀ ਕੌਂਸਲੇਟ ਦੇ ਬਾਹਰ ‘ਨੋ ਕਿੰਗਜ਼’ ਪ੍ਰਦਰਸ਼ਨ ਦੌਰਾਨ ਸੈਂਕੜੇ ਲੋਕ ਇਕੱਠੇ ਹੋਏ, ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਆਪਣਾ ਰੋਸ ਜਤਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਪ੍ਰਦਰਸ਼ਨ ਸ਼ਨੀਵਾਰ ਦੁਪਹਿਰ ਕੀਤਾ ਗਿਆ, ਜਿੱਥੇ ਲੋਕਾਂ ਨੇ ਨਾਅਰੇਬਾਜ਼ੀ ਕਰਦੇ ਹੋਏ ਟਰੰਪ ਪ੍ਰਸ਼ਾਸਨ ਦੇ ਫੈਸਲਿਆਂ ਦਾ ਵਿਰੋਧ ਕੀਤਾ। ਦੱਸਿਆ ਜਾ ਰਿਹਾ ਹੈ ਕਿ ਟਰਾਂਟੋ ਵਿੱਚ ਹੋਇਆ ਇਹ ਪ੍ਰਦਰਸ਼ਨ ਅਮਰੀਕਾ ਅਤੇ ਦੁਨੀਆ ਦੇ ਹੋਰ ਸ਼ਹਿਰਾਂ ਵਿੱਚ ਹੋ ਰਹੀਆਂ ਇਸੇ ਤਰ੍ਹਾਂ ਦੀਆਂ ਰੈਲੀਆਂ ਦਾ ਹਿੱਸਾ ਹੈ। ਆਯੋਜਕਾਂ ਮੁਤਾਬਕ ਇਹ ਪ੍ਰਦਰਸ਼ਨ ਲੋਕਤੰਤਰ ਅਤੇ ਅਧਿਕਾਰਾਂ ਦੀ ਰੱਖਿਆ ਲਈ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰਦਰਸ਼ਨ ਮੌਜੂਦਾ ਰਾਜਨੀਤਿਕ ਮਾਹੌਲ ਵਿੱਚ ਲੋਕਾਂ ਦੇ ਵਿਚਾਰਾਂ ਨੂੰ ਦਰਸਾਉਂਦੇ ਹਨ ਅਤੇ ਸਮਾਜ ਵਿੱਚ ਚਰਚਾ ਨੂੰ ਜਨਮ ਦਿੰਦੇ ਹਨ।



**ਟਰਾਂਟੋ ਵਿੱਚ ਅਮਰੀਕੀ ਕੌਂਸਲੇਟ ਬਾਹਰ ‘ਨੋ ਕਿੰਗਜ਼’ ਪ੍ਰਦਰਸ਼ਨ ਦੌਰਾਨ ਨਾਅਰੇਬਾਜ਼ੀ ਕਰਦੇ ਲੋਕ।**

# ਚੰਦ ਮਿਸ਼ਨ ਨਾਲ ਜੁੜੇਗੀ ਕੈਲਗਰੀ ਦੀ ਧੀ ਜੈਨੀ ਗਿਬਨਜ਼

**ਵੈਨਕੂਵਰ, (ਮਲਕੀਤ ਸਿੰਘ) –** ਕੈਨੇਡਾ ਦੇ ਕੈਲਗਰੀ ਸ਼ਹਿਰ ਵਿੱਚ ਜਨਮੀ ਅੰਤਰਿਕਸ਼ ਯਾਤਰੀ ਜੈਨੀ ਗਿਬਨਜ਼ ਹੁਣ ਨਾਸਾ ਦੇ ਮਹੱਤਵਪੂਰਨ 'ਆਰਟੇਮਿਸ-2' ਚੰਦ ਮਿਸ਼ਨ ਨਾਲ ਜੁੜਨ ਜਾ ਰਹੀ ਹੈ। ਜਾਣਕਾਰੀ ਅਨੁਸਾਰ ਉਹ ਇਸ ਮਿਸ਼ਨ ਦੌਰਾਨ 'ਵੋਇਸ ਲਿੰਕ' ਵਜੋਂ ਕੰਮ ਕਰੇਗੀ, ਜੋ ਅੰਤਰਿਕਸ਼ ਯਾਤਰੀਆਂ ਅਤੇ ਧਰਤੀ ਦਰਮਿਆਨ ਸੰਚਾਰ ਬਣਾਈ ਰੱਖਣ ਵਿੱਚ ਸਹਾਈ ਹੁੰਦੀ ਹੈ। ਇਸਦੇ ਨਾਲ ਹੀ ਜੈਨੀ ਗਿਬਨਜ਼ ਨੂੰ ਕੈਨੇਡੀਅਨ ਅੰਤਰਿਕਸ਼ ਯਾਤਰੀ ਜੇਰਮੀ ਹੈਨਸਨ ਦੀ ਬੈਕਅੱਪ ਵਜੋਂ ਵੀ ਚੁਣਿਆ ਗਿਆ ਹੈ। ਜੇਰਮੀ ਹੈਨਸਨ ਇਸ ਇਤਿਹਾਸਕ ਮਿਸ਼ਨ ਦਾ ਹਿੱਸਾ ਹਨ, ਜੋ ਮਨੁੱਖਾਂ ਨੂੰ ਮੁੜ ਚੰਦ ਦੇ ਖੇਤਰ ਵਿੱਚ ਲੈ ਜਾਣ ਲਈ ਤਿਆਰ ਕੀਤਾ ਗਿਆ ਹੈ। ਗਿਬਨਜ਼ ਨੂੰ ਬਚਪਨ ਤੋਂ ਹੀ ਅੰਤਰਿਕਸ਼ ਅਤੇ ਤਾਰਿਆਂ ਨਾਲ ਖਾਸ ਰੁਝਾਨ ਰਿਹਾ ਹੈ। ਹੁਣ ਉਹ ਆਪਣੇ ਸੁਪਨੇ ਨੂੰ ਸਾਕਾਰ ਕਰਦਿਆਂ ਨਾਸਾ ਦੇ ਇਸ ਵੱਡੇ ਪ੍ਰੋਗਰਾਮ ਦਾ ਹਿੱਸਾ ਬਣ ਰਹੀ ਹੈ। 'ਆਰਟੇਮਿਸ-2' ਮਿਸ਼ਨ ਮਨੁੱਖੀ ਅੰਤਰਿਕਸ਼ ਯਾਤਰਾ ਦੇ ਇਤਿਹਾਸ ਵਿੱਚ ਇਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਜਿਸਦਾ ਮਕਸਦ ਚੰਦ ਦੇ ਆਲੇ-ਦੁਆਲੇ ਮਨੁੱਖੀ ਉਡਾਣ ਕਰਨਾ ਹੈ ਅਤੇ ਭਵਿੱਖ ਵਿੱਚ ਚੰਦ 'ਤੇ ਦੁਬਾਰਾ ਲੈਂਡਿੰਗ ਲਈ ਰਸਤਾ ਤਿਆਰ ਕਰਨਾ ਹੈ।



**'ਆਰਟੇਮਿਸ-2' ਮਿਸ਼ਨ ਨਾਲ ਸੰਬੰਧਿਤ ਟੀਮ ਦੇ ਮੈਂਬਰਾਂ ਨਾਲ ਜੈਨੀ ਗਿਬਨਜ਼।**

# ਡਿਜੀਟਲ ਯੁੱਗ ਵਿੱਚ ਕਿਉਂ ਘਟਦੀ ਜਾ ਰਹੀ ਹੈ ਕਿਤਾਬਾ ਪੜ੍ਹਨ ਦੀ ਆਦਤ?

ਮੈਨੂੰ ਲੰਬੀਆਂ ਯਾਤਰਾਵਾਂ ਕਰਨੀਆਂ ਬਹੁਤ ਪਸੰਦ ਹਨ। ਇਸੇ ਲਈ ਮੈਂ ਹੁਣ ਤੱਕ ਤਕਰੀਬਨ ਛੇ ਵਾਰ ਹਵਾਈ ਯਾਤਰਾ ਕਰ ਚੁੱਕਿਆ ਹਾਂ। ਆਖਰੀ ਵਾਰ ਮੈਂ ਦਿੱਲੀ ਤੋਂ ਫਿਨਲੈਂਡ ਗਿਆ ਸੀ। ਇਹ ਲਗਭਗ ਤੇਰਾਂ ਘੰਟਿਆਂ ਦੀ ਲੰਬੀ ਉਡਾਣ ਸੀ। ਦਿੱਲੀ ਹਵਾਈ ਅੱਡੇ ’ਤੇ ਸਾਰੀਆਂ ਕਾਰਵਾਈਆਂ ਪੂਰੀ ਕਰਨ ਤੋਂ ਬਾਅਦ ਜਿਵੇਂ ਹੀ ਮੈਂ ਜਹਾਜ਼ ਵਿੱਚ ਆਪਣੀ ਸੀਟ ’ਤੇ ਬੈਠਿਆ, ਮੈਂ ਇੱਕ ਦਿਲਚਸਪ ਗੱਲ ਨੋਟ ਕੀਤੀ। ਮੇਰੀ ਸੀਟ ਦੇ ਖੱਬੇ, ਸੱਜੇ, ਅੱਗੇ ਅਤੇ ਪਿੱਛੇ ਲਗਭਗ ਸਾਰੀਆਂ ਸੀਟਾਂ ’ਤੇ ਵਿਦੇਸ਼ੀ ਯਾਤਰੀ ਬੈਠੇ ਹੋਏ ਸਨ ਅਤੇ ਉਨ੍ਹਾਂ ਸਾਰਿਆਂ ਵਿੱਚ ਮੈਂ ਇਕੱਲਾ ਭਾਰਤੀ ਵਿਅਕਤੀ ਸੀ।

ਜਿਵੇਂ ਹੀ ਜਹਾਜ਼ ਨੇ ਉਡਾਣ ਭਰੀ, ਕੁਝ ਸਮੇਂ ਬਾਅਦ ਉਹਨਾਂ ਵਿੱਚੋਂ ਬਹੁਤ ਸਾਰੇ ਯਾਤਰੀਆਂ ਨੇ ਆਪਣੇ ਬੈਗ ਵਿੱਚੋਂ ਕਿਤਾਬਾਂ ਕੱਢ ਕੇ ਪੜ੍ਹਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਸਭ ਦੇ ਵਿਚਕਾਰ ਬੈਠਿਆਂ ਮੈਂ ਇਕੱਲਾ ਵਿਅਕਤੀ ਸੀ ਜਿਸ ਦੇ ਕੋਲ ਪੜ੍ਹਨ ਲਈ ਕੋਈ ਕਿਤਾਬ ਨਹੀਂ ਸੀ। ਉਸ ਸਮੇਂ ਮੈਨੂੰ ਥੋੜੀ ਸ਼ਰਮਿੰਦਗੀ ਵੀ ਮਹਿਸੂਸ ਹੋਈ ਕਿ ਮੇਰੇ ਅੰਦਰ ਕਿਤਾਬਾਂ ਪੜ੍ਹਨ ਦੀ ਆਦਤ ਕਿਉਂ ਨਹੀਂ ਹੈ। ਯੂਰਪ ਤੋਂ ਵਾਪਸ ਆਉਣ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਕੁਝ ਚੰਗੀਆਂ ਕਿਤਾਬਾਂ ਖਰੀਦੀਆਂ ਅਤੇ ਹੁਣ ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਹਮੇਸ਼ਾ ਮੇਰੇ ਬੈਗ ਵਿੱਚ ਕੋਈ ਨਾ ਕੋਈ ਕਿਤਾਬ ਹੋਵੇ। ਜਦੋਂ ਵੀ ਮੈਂ ਕਿਸੇ ਲੰਬੀ ਯਾਤਰਾ ’ਤੇ ਜਾਂਦਾ ਹਾਂ ਤਾਂ ਮੈਂ ਆਪਣੇ ਨਾਲ ਇੱਕ ਕਿਤਾਬ ਜ਼ਰੂਰ ਲੈ ਕੇ ਜਾਂਦਾ ਹਾਂ।

ਇਹ ਤਜਰਬਾ ਮੈਨੂੰ ਇੱਕ ਮਹੱਤਵਪੂਰਨ ਸਵਾਲ ਵੱਲ ਲੈ ਗਿਆ—ਅੱਜ ਦੇ ਡਿਜਿਟਲ ਯੁਗ ਵਿੱਚ ਸਾਡੇ ਸਮਾਜ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਕਿਉਂ ਘਟਦੀ ਜਾ ਰਹੀ ਹੈ? ਕੁਝ ਸਾਲ ਪਹਿਲਾਂ ਤੱਕ ਕਿਤਾਬਾਂ ਮਨੁੱਖ ਦੇ ਗਿਆਨ, ਮਨੋਰੰਜਨ ਅਤੇ ਵਿਚਾਰਾਂ ਦੇ ਵਿਕਾਸ ਦਾ ਸਭ ਤੋਂ ਵੱਡਾ ਸਰੋਤ ਮੰਨੀਆਂ ਜਾਂਦੀਆਂ ਸਨ। ਘਰਾਂ ਵਿੱਚ ਅਖ਼ਬਾਰਾਂ, ਰਸਾਲਿਆਂ ਅਤੇ ਨਾਵਲਾਂ ਨੂੰ ਪੜ੍ਹਨ ਦੀ ਪਰੰਪਰਾ ਆਮ ਗੱਲ ਸੀ। ਲੋਕ ਆਪਣੇ ਖਾਲੀ ਸਮੇਂ ਵਿੱਚ ਕਿਤਾਬਾਂ ਪੜ੍ਹ ਕੇ ਨਵੀਆਂ ਸੋਚਾਂ ਅਤੇ ਵਿਚਾਰਾਂ ਨਾਲ ਜਾਣੂ ਹੁੰਦੇ ਸਨ। ਪਰ ਅੱਜ ਦੇ ਸਮੇਂ ਵਿੱਚ ਹੌਲੀ-ਹੌਲੀ ਇਹ ਰੁਝਾਨ ਘਟਦਾ ਦਿਖਾਈ ਦੇ ਰਿਹਾ ਹੈ।

ਡਿਜਿਟਲ ਤਕਨਾਲੋਜੀ ਨੇ ਮਨੁੱਖੀ ਜੀਵਨ ਨੂੰ ਬੇਹੱਦ ਤੇਜ਼ ਅਤੇ ਆਸਾਨ ਬਣਾ ਦਿੱਤਾ ਹੈ। ਮੋਬਾਈਲ ਫੋਨ ਅਤੇ ਇੰਟਰਨੈੱਟ ਦੀ ਮਦਦ ਨਾਲ ਜਾਣਕਾਰੀ ਕੁਝ ਸਕਿੰਟਾਂ ਵਿੱਚ ਮਿਲ ਜਾਂਦੀ ਹੈ। ਸੋਸ਼ਲ ਮੀਡੀਆ ਨੇ ਮਨੋਰੰਜਨ ਅਤੇ ਜਾਣਕਾਰੀ ਦੇ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਪਰ ਇਸ ਦੇ ਨਾਲ-ਨਾਲ ਇਹ ਵੀ ਸੱਚ ਹੈ ਕਿ ਸੋਸ਼ਲ ਮੀਡੀਆ ਲੋਕਾਂ ਦਾ ਵੱਡਾ ਸਮਾਂ ਆਪਣੇ ਵੱਲ ਖਿੱਚ ਲੈਂਦੇ ਹਨ। ਅੱਜਕੱਲ੍ਹ ਜਦੋਂ ਵੀ ਕਿਸੇ ਨੂੰ ਕੁਝ ਖਾਲੀ ਸਮਾਂ ਮਿਲਦਾ ਹੈ ਤਾਂ ਬਹੁਤ ਸਾਰੇ ਲੋਕ ਕਿਤਾਬਾਂ ਪੜ੍ਹਨ ਦੀ ਬਜਾਏ ਮੋਬਾਈਲ ਫੋਨ ਦੀ ਸਕ੍ਰੀਨ ’ਤੇ ਛੋਟੀਆਂ ਵੀਡੀਓਜ਼ ਜਾਂ ਸੋਸ਼ਲ ਮੀਡੀਆ ਸਕ੍ਰੋਲ ਕਰਨ ਵਿੱਚ ਲੱਗ ਜਾਂਦੇ ਹਨ। ਇਸ ਕਾਰਨ ਲੋਕਾਂ ਦੀ ਲੰਬੇ ਸਮੇਂ ਤੱਕ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵੀ ਘਟਦੀ ਜਾ ਰਹੀ ਹੈ।

ਪੜ੍ਹਨ ਦੀ ਆਦਤ ਘਟਣ ਦਾ ਇੱਕ ਹੋਰ ਕਾਰਨ ਇਹ ਵੀ ਹੈ ਕਿ ਅੱਜ ਦੀ ਜ਼ਿੰਦਗੀ ਬਹੁਤ ਵਿਅਸਤ ਹੋ ਗਈ ਹੈ। ਨੌਕਰੀ, ਕਾਰੋਬਾਰ ਅਤੇ ਹੋਰ ਜ਼ਿੰਮੇਵਾਰੀਆਂ ਦੇ ਕਾਰਨ ਲੋਕਾਂ ਕੋਲ ਕਿਤਾਬਾਂ ਪੜ੍ਹਨ ਲਈ ਵੱਖਰਾ ਸਮਾਂ ਕੱਢਣਾ ਮੁਸ਼ਕਲ ਹੋ ਗਿਆ ਹੈ। ਜਦੋਂ ਵੀ ਕੁਝ ਸਮਾਂ ਮਿਲਦਾ ਹੈ ਤਾਂ ਲੋਕ ਮੋਬਾਈਲ ਫੋਨ ਵੱਲ ਖਿੱਚੇ ਜਾਂਦੇ ਹਨ।

ਪਰ ਕਿਤਾਬਾਂ ਪੜ੍ਹਨ ਦੀ ਆਦਤ ਦਾ ਮਹੱਤਵ ਅੱਜ ਵੀ ਓਨਾ ਹੀ ਹੈ ਜਿੰਨਾ ਪਹਿਲਾਂ ਸੀ। ਕਿਤਾਬਾਂ ਮਨੁੱਖ ਦੀ ਸੋਚ ਨੂੰ ਡੂੰਘਾ ਕਰਦੀਆਂ ਹਨ, ਭਾਸ਼ਾ ਨੂੰ ਨਿਖਾਰਦੀਆਂ ਹਨ ਅਤੇ ਕਲਪਨਾ ਸ਼ਕਤੀ ਨੂੰ ਮਜ਼ਬੂਤ ਬਣਾਉਂਦੀਆਂ ਹਨ। ਕਿਤਾਬਾਂ ਪੜ੍ਹਨ ਨਾਲ ਮਨੁੱਖ ਵੱਖ-ਵੱਖ ਵਿਚਾਰਧਾਰਾਵਾਂ ਅਤੇ ਅਨੁਭਵਾਂ ਨਾਲ ਜਾਣੂ ਹੁੰਦਾ ਹੈ, ਜੋ ਉਸਦੀ ਸ਼ਖ਼ਸੀਅਤ ਨੂੰ ਨਿਖਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਇਸ ਲਈ ਲੋੜ ਹੈ ਕਿ ਅਸੀਂ ਡਿਜਿਟਲ ਯੁਗ ਦੀਆਂ ਸਹੂਲਤਾਂ ਦਾ ਲਾਭ ਲੈਂਦੇ ਹੋਏ ਵੀ ਕਿਤਾਬਾਂ ਨਾਲ ਆਪਣਾ ਰਿਸ਼ਤਾ ਕਾਇਮ ਰੱਖੀਏ। ਜੇ ਹਰ ਵਿਅਕਤੀ ਆਪਣੇ ਦਿਨ ਦੇ ਕੁਝ ਮਿੰਟ ਵੀ ਪੜ੍ਹਨ ਲਈ ਰੱਖ ਲਏ ਤਾਂ ਇਹ ਆਦਤ ਹੌਲੀ-ਹੌਲੀ ਮੁੜ ਵਿਕਸਤ ਹੋ ਸਕਦੀ ਹੈ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਕਿਤਾਬਾਂ ਸਿਰਫ਼ ਜਾਣਕਾਰੀ ਦਾ ਸਰੋਤ ਨਹੀਂ ਹੁੰਦੀਆਂ, ਸਗੋਂ ਉਹ ਮਨੁੱਖ ਦੀ ਸੋਚ, ਸਮਝ ਅਤੇ ਸੰਸਕਾਰਾਂ ਨੂੰ ਵੀ ਨਿਖਾਰਦੀਆਂ ਹਨ। ਡਿਜਿਟਲ ਯੁਗ ਵਿੱਚ ਵੀ ਜੇ ਅਸੀਂ ਕਿਤਾਬਾਂ ਨਾਲ ਆਪਣਾ ਰਿਸ਼ਤਾ ਬਣਾਈ ਰੱਖੀਏ ਤਾਂ ਇਹ ਸਾਡੀ ਵਿਅਕਤੀਗਤ ਵਿਕਾਸ ਦੇ ਨਾਲ-ਨਾਲ ਸਮਾਜ ਨੂੰ ਵੀ ਹੋਰ ਸਚੇਤ ਅਤੇ ਵਿਚਾਰਸ਼ੀਲ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ।



**ਗੁਰਪ੍ਰੀਤ ਸਿੰਘ ਕਪੂਰਥਲਾ**

# ਮੋਗਲਜ਼ ਸਕੀਇੰਗ ਦੇ ਮਹਾਨ ਖਿਡਾਰੀ ਮਿਕਾਇਲ ਕਿੰਗਜ਼ਬਰੀ ਨੇ ਕੀਤਾ ਸਨਿਆਸ ਦਾ ਐਲਾਨ

**ਵੈਨਕੂਵਰ (ਮਲਕੀਤ ਸਿੰਘ)** – ਕੈਨੇਡਾ ਦੇ ਪ੍ਰਸਿੱਧ ਮੋਗਲਜ਼ ਸਕੀਇੰਗ ਖਿਡਾਰੀ ਮਿਕਾਇਲ ਕਿੰਗਜ਼ਬਰੀ ਨੇ ਆਪਣੇ ਸ਼ਾਨਦਾਰ ਖੇਡ ਜੀਵਨ ਨੂੰ ਅਲਵਿਦਾ ਕਹਿੰਦੇ ਹੋਏ ਸਨਿਆਸ ਦਾ ਐਲਾਨ ਕਰ ਦਿੱਤਾ ਹੈ। ਕਿਊਬੈਕ ਵਿੱਚ ਹੋਏ ਆਪਣੇ ਅਖੀਰੀ ਮੁਕਾ-ਬਲੇ ਦੌਰਾਨ ਉਸਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ ਵਰਗ ਦੀਆਂ ਦੋਨੋਂ ਦੌੜਾਂ ਜਿੱਤ ਕੇ ਖੇਡ ਕੈਰੀਅਰ ਨੂੰ ਯਾਦਗਾਰ ਢੰਗ ਨਾਲ ਸਮਾਪਤ ਕੀਤਾ। ਪੰਜ ਵਾਰ ਦੇ ਓਲੰਪਿਕ ਤਮਗਾ ਜੇਤੂ ਕਿੰਗਜ਼ਬਰੀ ਨੂੰ ਖੇਡ ਜਗਤ ਵਿੱਚ ਇਕ ਇਤਿਹਾਸ ਵਜੋਂ ਮੰਨਿਆ ਜਾਂਦਾ ਰਿਹਾ ਹੈ। ਉਸਦੇ ਸਾਥੀ ਖਿਡਾਰੀ ਐਲੈਕਸ ਬਿਲੋਡੋ ਸਮੇਤ ਕਈਆਂ ਨੇ ਉਸਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਸਨੇ ਮੋਗਲਜ਼ ਸਕੀਇੰਗ ਨੂੰ ਨਵੀਂ



ਉਚਾਈਆਂ ‘ਤੇ ਪਹੁੰਚਾਇਆ ਹੈ। ਕਿੰਗਜ਼ਬਰੀ ਨੇ ਆਪਣੇ ਕਰੀਅਰ ਦੌਰਾਨ ਹਮੇਸ਼ਾਂ ਆਪਣੀ ਸਫਲਤਾ ਦਾ ਸਿਹਰਾ ਟੀਮ ਅਤੇ ਕੋਚਾਂ ਨੂੰ ਦਿੱਤਾ। ਹੁਣ ਜਦੋਂ ਉਹ ਖੇਡਾਂ ਤੋਂ ਸਨਿਆਸ ਲੈ ਰਿਹਾ ਹੈ, ਤਾਂ ਖੇਡ ਜਗਤ ਵੱਲੋਂ ਉਸਦੇ ਯੋਗਦਾਨ ਨੂੰ ਖਾਸ ਤੌਰ ‘ਤੇ ਯਾਦ ਕੀਤਾ ਜਾ ਰਿਹਾ ਹੈ। ਮਿਕਾਇਲ ਕਿੰਗਜ਼ਬਰੀ ਦਾ ਨਾਮ ਮੋਗਲਜ਼ ਸਕੀਇੰਗ ਦੇ ਇਤਿਹਾਸ ਵਿੱਚ ਹਮੇਸ਼ਾਂ ਸੋਨੇ ਦੇ ਅੱਖਰਾਂ ਨਾਲ ਲਿਖਿਆ ਜਾਵੇਗਾ ਅਤੇ ਉਸਦੀ ਉਪਲਬਧੀਆਂ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਣਾ ਬਣੀਆਂ ਰਹਿਣਗੀਆਂ।

# ਬੱਚੇ ਦੇ ਸਰਵਪੱਖੀ ਵਿਕਾਸ ਦੀ ਕੁੰਜੀ, ਮਾਪੇ-ਅਧਿਆਪਕ ਰਾਬਤਾ

ਕਿਸੇ ਵੀ ਰਾਸ਼ਟਰ ਦਾ ਸੁਨਹਿਰੀ ਭਵਿੱਖ ਉਸ ਦੇ ਵਿਦਿਆਰਥੀਆਂ ਦੀਆਂ ਕਾਬਲੀਅਤਾਂ ਅਤੇ ਉਨ੍ਹਾਂ ਦੇ ਕਿਰਦਾਰ 'ਤੇ ਨਿਰਭਰ ਕਰਦਾ ਹੈ। ਬੱਚਾ ਇੱਕ ਕੋਮਲ ਪੌਦੇ ਵਾਂਗ ਹੁੰਦਾ ਹੈ, ਜਿਸ ਨੂੰ ਜੇਕਰ ਸਹੀ ਸਮੇਂ 'ਤੇ ਸਹੀ ਖਾਦ-ਪਾਣੀ ਅਤੇ ਦੇਖਭਾਲ ਮਿਲੇ, ਤਾਂ ਉਹ ਇੱਕ ਫਲਦਾਰ ਰੁੱਖ ਬਣ ਕੇ ਸਮਾਜ ਨੂੰ ਛਾਂ ਅਤੇ ਫਲ ਦਿੰਦਾ ਹੈ। ਬੱਚੇ ਦੀ ਇਸ ਪਰਵਰਿਸ਼ ਵਿੱਚ ਦੋ ਮੁੱਖ ਪਹੀਏ ਹੁੰਦੇ ਹਨ, ਪਹਿਲਾ ਉਸ ਦੇ ਮਾਪੇ ਅਤੇ ਦੂਜਾ ਉਸ ਦੇ ਅਧਿਆਪਕ। ਜਦੋਂ ਇਹ ਦੋਵੇਂ ਪਹੀਏ ਇਕਸਾਰ ਤਾਲਮੇਲ ਨਾਲ ਚੱਲਦੇ ਹਨ, ਤਾਂ ਬੱਚੇ ਦੇ ਵਿਕਾਸ ਦੀ ਗੱਡੀ ਬੜੀ ਤੇਜ਼ੀ ਅਤੇ ਸੁਚੱਜੇ ਢੰਗ ਨਾਲ ਅੱਗੇ ਵਧਦੀ ਹੈ। 'ਮਾਪੇ-ਅਧਿਆਪਕ ਮਿਲਣੀ' ਇੱਕ ਅਜਿਹਾ ਮਹੱਤਵਪੂਰਨ ਮੰਚ ਹੈ, ਜੋ ਇਨ੍ਹਾਂ ਦੋਵਾਂ ਧਿਰਾਂ ਨੂੰ ਇੱਕ ਥਾਂ ਬੈਠ ਕੇ ਬੱਚੇ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੀ ਰਣਨੀਤੀ ਉਲੀਕਣ ਦਾ ਮੌਕਾ ਦਿੰਦਾ ਹੈ। ਇੱਕ ਮਹਿਲਾ ਅਧਿਆਪਕ ਵਜੋਂ ਮੇਰਾ ਇਹ ਨਿੱਜੀ ਤਜ਼ਰਬਾ ਰਿਹਾ ਹੈ ਕਿ ਜਦੋਂ ਅਸੀਂ ਲਗਾਤਾਰ ਮਾਪਿਆਂ ਨਾਲ ਰਾਬਤਾ ਰੱਖਦੇ ਹਾਂ, ਤਾਂ ਇਸ ਦਾ ਸਭ ਤੋਂ ਵੱਡਾ ਅਤੇ ਪਹਿਲਾ ਅਸਰ ਬੱਚਿਆਂ ਦੀ ਹਾਜ਼ਰੀ 'ਤੇ ਪੈਂਦਾ ਹੈ। ਮੈਂ ਦੇਖਿਆ ਹੈ ਕਿ ਜਿਹੜੇ ਬੱਚੇ ਅਕਸਰ ਸਕੂਲ ਤੋਂ ਗੈਰ-ਹਾਜ਼ਰ ਰਹਿੰਦੇ ਸਨ, ਜਦੋਂ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ, ਤਾਂ ਉਨ੍ਹਾਂ ਦੀ ਹਾਜ਼ਰੀ ਵਿੱਚ ਭਾਰੀ ਵਾਧਾ ਹੋਇਆ। ਮਾਪਿਆਂ ਨੂੰ ਇਹ ਅਹਿਸਾਸ ਹੋਣ ਲੱਗਦਾ ਹੈ ਕਿ ਸਕੂਲ ਵਿੱਚ ਉਨ੍ਹਾਂ ਦੇ ਬੱਚੇ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਸ




ਦੀ ਪ੍ਰਗਤੀ ਵਿੱਚ ਅਧਿਆਪਕ ਦੀ ਡੂੰਘੀ ਦਿਲਚਸਪੀ ਹੈ। ਇਸ ਨਿਰੰਤਰ ਸੰਚਾਰ ਸਦਕਾ ਬੱਚੇ ਨਿਯਮਿਤ ਤੌਰ 'ਤੇ ਸਕੂਲ ਆਉਣ ਲੱਗਦੇ ਹਨ, ਜੋ ਉਨ੍ਹਾਂ ਦੇ ਅਨੁਸ਼ਾਸਨ ਅਤੇ ਸਿੱਖਣ ਦੀ ਪ੍ਰਕਿਰਿਆ ਦੀ ਪਹਿਲੀ ਪੌੜੀ ਹੈ।

ਆਮ ਤੌਰ 'ਤੇ ਮਾਪੇ-ਅਧਿਆਪਕ ਮਿਲਣੀ ਨੂੰ ਸਿਰਫ਼ ਬੱਚੇ ਦੇ ਅੰਕਾਂ ਜਾਂ ਨਤੀਜਾ ਕਾਰਡ ਲੈਣ ਤੱਕ ਸੀਮਤ ਰੱਖਿਆ ਜਾਂਦਾ ਹੈ, ਪਰ ਅਸਲ ਵਿੱਚ ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਮਿਲਣੀ ਸਿਰਫ਼ ਇਹ ਦੱਸਣ ਲਈ ਨਹੀਂ ਹੁੰਦੀ ਕਿ ਬੱਚਾ ਪੜ੍ਹਾਈ ਵਿੱਚ ਕਿੱਥੇ ਖੜ੍ਹਾ ਹੈ, ਸਗੋਂ ਇਹ ਉਸ ਦੇ ਵਿਵਹਾਰ, ਮਨੋਵਿਗਿਆਨ ਅਤੇ ਸਮਾਜਿਕ ਰੁਚੀਆਂ ਨੂੰ ਸਮਝਣ ਦਾ ਇੱਕ ਜ਼ਰੀਆ ਹੈ। ਮੇਰਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜਦੋਂ ਅਸੀਂ ਮਾਪਿਆਂ ਸਾਹਮਣੇ ਬੱਚੇ ਦੀ ਪ੍ਰਸ਼ੰਸਾ ਕਰਦੇ ਹਾਂ, ਤਾਂ ਉਹ ਬੱਚੇ ਦੇ ਹੌਸਲਿਆਂ ਨੂੰ ਖੰਭ ਲਗਾਉਣ ਦਾ ਕੰਮ ਕਰਦੀ ਹੈ। ਜਦੋਂ ਕਿਸੇ ਬੱਚੇ ਨੂੰ ਇਹ ਪਤਾ ਲੱਗਦਾ ਹੈ ਕਿ ਉਸ ਦੀ ਛੋਟੀ ਜਿਹੀ ਪ੍ਰਾਪਤੀ ਜਾਂ ਉਸ ਦੇ ਸੁਭਾਅ ਦੀ ਕੋਈ ਖੂਬੀ ਉਸ ਦੇ ਮਾਪਿਆਂ ਸਾਹਮਣੇ ਮਾਣ ਨਾਲ ਸਾਂਝੀ ਕੀਤੀ ਗਈ ਹੈ, ਤਾਂ ਉਸ ਅੰਦਰ ਹੋਰ ਬਿਹਤਰ ਕਰਨ ਦੀ ਇੱਕ ਅਜੀਬ ਜਿਹੀ ਖਿੱਚ ਪੈਦਾ ਹੁੰਦੀ ਹੈ। ਇਹ ਸਕਾਰਾਤਮਕ ਹੁਲਾਰਾ ਉਸ ਦੀ ਸ਼ਖ਼ਸੀਅਤ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਉਸ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ।

ਸਿੱਖਿਆ ਦਾ ਅਸਲ ਮਕਸਦ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ, ਸਗੋਂ ਬੱਚੇ ਦਾ ਸਰਵਪੱਖੀ ਵਿਕਾਸ ਕਰਨਾ ਹੈ। ਕਈ ਵਾਰ ਬੱਚਾ ਸਕੂਲ ਵਿੱਚ ਬਹੁਤ ਸ਼ਾਂਤ ਹੁੰਦਾ ਹੈ ਪਰ ਘਰ ਵਿੱਚ ਬਹੁਤ ਚੰਚਲ, ਜਾਂ ਇਸ ਦੇ ਉਲਟ। ਅਜਿਹੀ ਸਥਿਤੀ ਵਿੱਚ, ਜਦੋਂ ਮਾਪੇ ਅਤੇ ਅਧਿਆਪਕ ਆਪਸ ਵਿੱਚ ਵਿਚਾਰ ਸਾਂਝੇ ਕਰਦੇ ਹਨ, ਤਾਂ ਬੱਚੇ ਦੇ ਦੋਵੇਂ ਰੂਪ ਸਾਹਮਣੇ ਆਉਂਦੇ ਹਨ। ਅਧਿਆਪਕ ਵਜੋਂ ਮੈਂ ਮਾਪਿਆਂ ਨੂੰ ਇਹ ਦੱਸ ਸਕਦੀ ਹਾਂ ਕਿ ਬੱਚਾ ਕਿਹੜੇ ਵਿਸ਼ੇ ਵਿੱਚ ਦਿਲਚਸਪੀ ਲੈ ਰਿਹਾ ਹੈ ਜਾਂ ਉਸ ਦੀਆਂ ਕਲਾਤਮਕ ਰੁਚੀਆਂ ਕੀ ਹਨ। ਦੂਜੇ ਪਾਸੇ, ਮਾਪੇ ਮੈਨੂੰ ਬੱਚੇ ਦੀਆਂ ਘਰੇਲੂ ਆਦਤਾਂ ਬਾਰੇ ਜਾਣਕਾਰੀ ਦਿੰਦੇ ਹਨ। ਇਸ ਦੋ-ਪਾਸੜ ਸੰਚਾਰ ਨਾਲ ਮੈਨੂੰ ਆਪਣੀ ਪੜ੍ਹਾਉਣ ਦੀ ਵਿਧੀ ਵਿੱਚ ਅਜਿਹੇ ਬਦਲਾਅ ਕਰਨ ਵਿੱਚ ਮਦਦ ਮਿਲਦੀ ਹੈ, ਜੋ ਬੱਚੇ ਦੇ ਮਾਨਸਿਕ ਪੱਧਰ ਦੇ ਅਨੁਕੂਲ ਹੋਣ।

ਅਜੋਕੇ ਸਮੇਂ ਵਿੱਚ, ਜਿੱਥੇ ਮੁਕਾਬਲੇਬਾਜ਼ੀ ਬਹੁਤ ਵਧ ਗਈ ਹੈ, ਉੱਥੇ ਬੱਚਿਆਂ 'ਤੇ ਮਾਨਸਿਕ ਦਬਾਅ ਵੀ ਵਧਿਆ ਹੈ। ਅਜਿਹੇ ਵਿੱਚ ਮਾਪੇ-




ਅਧਿਆਪਕ ਮਿਲਣੀ ਇੱਕ ਅਜਿਹੇ ਸੁਰੱਖਿਅਤ ਘੇਰੇ ਵਾਂਗ ਕੰਮ ਕਰਦੀ ਹੈ ਜਿੱਥੇ ਬੱਚਾ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ। ਜੇਕਰ ਕਿਸੇ ਬੱਚੇ ਨੂੰ ਕਿਸੇ ਵਿਸ਼ੇ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਅਧਿਆਪਕ ਅਤੇ ਮਾਪੇ ਮਿਲ ਕੇ ਉਸ ਦਾ ਹੱਲ ਕੱਢ ਸਕਦੇ ਹਨ। ਜਦੋਂ ਬੱਚਾ ਦੇਖਦਾ ਹੈ ਕਿ ਉਸ ਦੇ ਅਧਿਆਪਕ ਅਤੇ ਮਾਪੇ ਉਸ ਦੀ ਬਿਹਤਰੀ ਲਈ ਇੱਕੋ ਦਿਸ਼ਾ ਵਿੱਚ ਸੋਚ ਰਹੇ ਹਨ, ਤਾਂ ਉਸ ਨੂੰ ਮਾਨਸਿਕ ਸੁਰੱਖਿਆ ਮਿਲਦੀ ਹੈ। ਇਹ ਅਹਿਸਾਸ ਉਸ ਨੂੰ ਗ਼ਲਤ ਰਾਹਾਂ 'ਤੇ ਜਾਣ ਤੋਂ ਰੋਕਦਾ ਹੈ ਅਤੇ ਉਸ ਦੇ ਅਨੁਸ਼ਾਸਨ ਨੂੰ ਹੋਰ ਪੀਢਾ ਕਰਦਾ ਹੈ। ਅਧਿਆਪਕ ਵੱਲੋਂ ਕੀਤੀ ਗਈ ਮਾਮੂਲੀ ਜਿਹੀ ਪ੍ਰਸ਼ੰਸਾ ਵੀ ਮਾਪਿਆਂ ਲਈ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ, ਅਤੇ ਜਦੋਂ ਮਾਪੇ ਖੁਸ਼ ਹੁੰਦੇ ਹਨ, ਤਾਂ ਘਰ ਦਾ ਮਾਹੌਲ ਵੀ ਖੁਸ਼ਗਵਾਰ ਹੋ ਜਾਂਦਾ ਹੈ, ਜਿਸ ਦਾ ਸਿੱਧਾ ਅਸਰ ਬੱਚੇ ਦੀ ਮਾਨਸਿਕ ਸਿਹਤ 'ਤੇ ਪੈਂਦਾ ਹੈ।

ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਮਾਪੇ-ਅਧਿਆਪਕ ਮਿਲਣੀ ਰਾਹੀਂ ਸਕੂਲ ਅਤੇ ਸਮਾਜ ਵਿਚਕਾਰ ਇੱਕ ਮਜ਼ਬੂਤ ਸਾਂਝ ਬਣਦੀ ਹੈ। ਮੇਰੇ ਤਜ਼ਰਬੇ ਅਨੁਸਾਰ, ਇਹ ਮਿਲਣੀਆਂ ਅਧਿਆਪਕਾਂ ਨੂੰ ਬੱਚੇ ਦੇ ਘਰੇਲੂ ਪਿਛੋਕੜ ਨੂੰ ਸਮਝਣ ਵਿੱਚ ਮਦਦ ਕਰਦੀਆਂ ਹਨ। ਜਦੋਂ ਮਾਪੇ ਸਕੂਲ ਆਉਂਦੇ ਹਨ ਅਤੇ ਅਧਿਆਪਕ ਨਾਲ ਆਪਣੇ ਦੁੱਖ-ਸੁਖ ਸਾਂਝੇ ਕਰਦੇ ਹਨ, ਤਾਂ ਇੱਕ ਅਜਿਹਾ ਮਾਹੌਲ ਸਿਰਜਿਆ ਜਾਂਦਾ ਹੈ ਜਿੱਥੇ ਬੱਚੇ ਦੀ ਸਿੱਖਿਆ ਸਿਰਫ਼ ਸਕੂਲ ਦੀ ਜ਼ਿੰਮੇਵਾਰੀ ਨਹੀਂ ਰਹਿੰਦੀ, ਸਗੋਂ ਇਹ ਇੱਕ ਸਾਂਝੀ ਮੁਹਿੰਮ ਬਣ ਜਾਂਦੀ ਹੈ। ਅਧਿਆਪਕਾਂ ਲਈ ਵੀ ਇਹ ਇੱਕ ਮੌਕਾ ਹੁੰਦਾ ਹੈ ਕਿ ਉਹ ਮਾਪਿਆਂ ਨੂੰ ਬੱਚੇ ਦੀਆਂ ਛੋਟੀਆਂ-ਛੋਟੀਆਂ ਉਪਲਬਧੀਆਂ ਬਾਰੇ ਵਿਸਥਾਰ ਵਿੱਚ ਦੱਸ ਸਕਣ, ਜੋ ਸ਼ਾਇਦ ਬੱਚਾ ਖੁਦ ਘਰ ਜਾ ਕੇ ਨਹੀਂ ਦੱਸ ਪਾਉਂਦਾ।

ਸਿੱਟੇ ਵਜੋਂ, ਮਾਪੇ-ਅਧਿਆਪਕ ਮਿਲਣੀ ਸਿਰਫ਼ ਇੱਕ ਰਸਮੀ ਦਿਨ ਨਹੀਂ ਹੈ, ਸਗੋਂ ਇਹ ਬੱਚੇ ਦੀ ਸ਼ਖ਼ਸੀਅਤ ਨੂੰ ਤਰਾਸ਼ਣ ਦੀ ਇੱਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਦਾ ਅਹਿਮ ਹਿੱਸਾ ਹੈ। ਜਿਹੜੇ ਅਧਿਆਪਕ ਅਤੇ ਮਾਪੇ ਇਸ ਮਿਲਣੀ ਦੀ ਅਹਿਮੀਅਤ ਨੂੰ ਸਮਝਦੇ ਹਨ, ਉਹ ਅਸਲ ਵਿੱਚ ਬੱਚੇ ਲਈ ਇੱਕ ਮਜ਼ਬੂਤ ਭਵਿੱਖ ਤਿਆਰ ਕਰ ਰਹੇ ਹੁੰਦੇ ਹਨ। ਬੱਚੇ ਦੇ ਚੰਗੇ ਕੰਮਾਂ ਦੀ ਸ਼ਲਾਘਾ ਅਤੇ ਉਸ ਦੀਆਂ ਕਮੀਆਂ ਨੂੰ ਪਿਆਰ ਨਾਲ ਸੁਧਾਰਨ ਦੀ ਸਾਂਝੀ ਕੋਸ਼ਿਸ਼ ਹੀ ਇੱਕ ਸੰਤੁਲਿਤ ਸਮਾਜ ਦੀ ਸਿਰਜਣਾ ਕਰ ਸਕਦੀ ਹੈ। ਜਦੋਂ ਇੱਕ ਅਧਿਆਪਕ ਮਾਪਿਆਂ ਨੂੰ ਕਹਿੰਦਾ ਹੈ, "ਤੁਹਾਡਾ ਬੱਚਾ ਬਹੁਤ ਹੋਣ-ਹਾਰ ਹੈ," ਤਾਂ ਉਹ ਸਿਰਫ਼ ਇੱਕ ਵਾਕ ਨਹੀਂ ਬੋਲ ਰਿਹਾ ਹੁੰਦਾ, ਸਗੋਂ ਉਹ ਬੱਚੇ ਦੇ ਆਤਮ-ਵਿਸ਼ਵਾਸ ਦੀ ਨੀਂਹ ਪੱਕੀ ਕਰ ਰਿਹਾ ਹੁੰਦਾ ਹੈ। ਇਸ ਲਈ, ਮਾਪਿਆਂ ਅਤੇ ਅਧਿਆਪਕਾਂ ਦਾ ਇਹ ਨਿਰੰਤਰ ਰਾਬਤਾ ਹੀ ਬੱਚਿਆਂ ਨੂੰ ਚੰਗੀ ਸ਼ਖ਼ਸੀਅਤ ਦੇ ਮਾਲਕ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਦੀ ਅਸਲ ਕੁੰਜੀ ਹੈ। ਇਹੀ ਉਹ ਮਾਰਗ ਹੈ ਜਿਸ ਨੂੰ ਅਸੀਂ ਸਾਂਝੀ ਪਰਵਰਿਸ਼ ਕਹਿੰਦੇ ਹਾਂ, ਜਦੋਂ ਅਧਿਆਪਕ ਅਤੇ ਮਾਪੇ ਮਿਲ ਕੇ ਤੁਰਦੇ ਹਨ।

**ਸੁਮਨਪ੍ਰੀਤ ਕੌਰ**
**ਈ.ਟੀ.ਟੀ ਅਧਿਆਪਕਾ**
**ਸ.ਪ.ਸ.ਵਾਂਦਰ ਪੱਤੀ**
**ਕੋਟਸ਼ਮੀਰ (ਬਠਿੰਡਾ)**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਤੀਲਾ ਤੀਲਾ ਜੁੜ ਕੇ ਬਣਿਆ ਝਾੜੂ

ਸਾਮਰਾਜਵਾਦੀ ਸੋਚ ਵਾਲੇ ਕਹਿਣ,ਝਾੜੂ ਹੋ ਗਿਆ ਤੀਲਾ ਤੀਲਾ। ਭਗਤ ਸਿੰਘ ਦੀ ਸੋਚ ਨਾਲ ਨਾ ਮਿਲਾਓ,ਉਹ ਗੱਭਰੂ ਸੀ ਸਮਾਜਵਾਦੀ ਅਣਖੀਲਾ। ਕਿੰਨੀ ਜ਼ਬਰਦਸਤ ਤਬਦੀਲੀ ਸਿਖਿਆ ਅਤੇ ਸਿਹਤ ਸੰਸਥਾਵਾਂ ਵਿੱਚ, ਬਿਲਡਿੰਗਾਂ ਅਤੇ ਸਹੂਲਤਾਂ ਵਿੱਚ ਕੀਤੀ ਹੈ। ਹੋਰ ਖੇਤਰਾਂ ਜਿਵੇਂ ਪਿੰਡਾਂ ਨੂੰ ਸ਼ਹਿਰਾਂ, ਕਸਬਿਆਂ ਨਾਲ, ਪੱਕੀਆਂ ਸੜਕਾਂ ਨਾਲ ਲਿੰਕ ਕਰਨਾ, ਪਿੰਡਾਂ ਵਿੱਚ ਖੇਡ ਮੈਦਾਨਾਂ ਦੀ ਕਾਇਆ ਕਲਪ ਕੀਤੀ। ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਨਸ਼ਿਆਂ ਦੇ ਚੁੰਗਲ ਵਿਚੋਂ ਬਚਾਉਣ ਦਾ ਉਪਰਾਲਾ ਕੀਤਾ। ਸਾਰੇ ਸਿਹਤ ਕੇਂਦਰ, ਆਮ ਆਦਮੀ ਕਲੀਨਿਕਾਂ ਦੇ ਵਿੱਚ ਤਬਦੀਲ ਕਰ ਦਿੱਤੇ। ਪੁਲਿਸ ਵਿੱਚ ਵੀ, ਨਵੀਂ ਭਰਤੀ ਹੋਰ ਕਰ ਦਿੱਤੀ ਹੈ। ਠੇਕਾ ਮੁਲਾਜ਼ਮਾਂ ਦੀਆਂ ਨੌਕਰੀਆਂ ਰੈਗੂਲਰ ਕਰ ਦਿੱਤੀਆਂ ਗਈਆਂ ਹਨ। ਬਿਜਲੀ ਪੂਰਤੀ, ਸੀਮਿੰਟ ਪੋਲਾਂ ਦੀ ਥਾਂ ਅੰਡਰਗਰਾਊਂਡ ਕਰਕੇ, ਇਨਕਲਾਬੀ ਤਬਦੀਲੀ ਲਿਆਂਦੀ ਜਾ ਰਹੀ ਹੈ।ਜਿੰਨੇ ਵੀ ਸਮਾਜ ਭਲਾਈ ਦੇ ਕੰਮ ਹਨ, ਉਨ੍ਹਾਂ ਵਿੱਚ ਵੀ ਵੱਧ ਚੜ੍ਹ ਕੇ ਯੋਗਦਾਨ ਪਾ ਰਹੀ ਹੈ।

ਅਲੋਚਕ ਜਦੋਂ ਆਲੋਚਨਾ ਕਰਦੇ ਹਨ ਤਾਂ ਆਪਣਾ ਵਕਤ ਭੁੱਲ ਜਾਂਦੇ ਹਨ। ਉਸ ਵੇਲੇ ਉਹ ਖੁਦ ਕੀ ਕੀ ਕਰਦੇ ਰਹੇ ਹਨ, ਬੌਂਦਲੇ ਪਏ ਹਨ। ਧੀਆਂ ਭੈਣਾਂ ਮਾਵਾਂ ਦੇ ਸਿਰ ਦੇ ਸਾਈਂ ਨਸ਼ੇੜੀ ਬਣਾ ਦਿੱਤੇ, ਚਿੱਟੇ ਦੇ ਵਪਾਰੀ ਨੇ ਚਿੱਟੇ ਦੇ ਸੱਥਰ ਵਿਛਾ ਦਿੱਤੇ। ਉਨ੍ਹਾਂ ਦੇ ਰੋਂਦੀਆਂ ਦੇ ਦੁੱਖ ਝੱਲੇ ਨ੍ਹੀਂ ਜਾਂਦੇ। ਸ਼ੀਸ਼ ਮਹਿਲਾਂ ਚ ਰਹਿਣ ਵਾਲਿਆਂ ਨੂੰ ਦੂਸਰਿਆਂ ਦੇ ਘਰਾਂ ਤੇ ਰੋੜੇ ਨਹੀਂ ਮਾਰਨੇ ਚਾਹੀਦੇ।ਇਹ ਤਬਕਾ ਤਾਂ ਇਸ ਤਰ੍ਹਾਂ ਟੁੱਟਕੇ ਪੈਂਦਾ ਹੈ ਜਿਵੇਂ ਆਆਪ ਪਾਰਟੀ ਵਾਲੇ ਕਿਥੋਂ ਜੰਮ ਪਏ, ਇਨ੍ਹਾਂ ਦੀ ਤਾਂ ਹੱਡੀ ਪੱਸਲੀ ਇੱਕ ਕਰ ਦੇਣੀ ਹੈ। ਇਹੋ ਜਿਹੇ ਲੋਕਾਂ ਨੂੰ ਥੋੜੀ ਜਿਹੀ ਸ਼ਹਿ ਮਿਲ ਜਾਵੇ, "ਆਟੇ ਦੇ ਸੀਂਹ ਬਣ ਜਾਂਦੇ




ਹਨ"। ਫਤਿਹਗੜ੍ਹ ਸਾਹਿਬ ਕਾਨਫਰੰਸ ਤੇ ਬੋਲਦੇ ਹੋਏ ਭਗਵੰਤ ਮਾਨ ਨੇ ਕਿਹਾ "ਪੰਜਾਬ ਨੂੰ ਅੱਜ ਤੱਕ ਕੋਈ ਚੱਜ ਦਾ ਮੁੱਖ ਮੰਤਰੀ ਨਹੀਂ ਮਿਲਿਆ, ਸੁਖਬੀਰ ਬਾਦਲ ਤਾਂ ਅਪਣੇ ਪਿਓ ਦਾ ਨਹੀਂ ਬਣਿਆ, ਇਸ ਕਰਕੇ ਇਸਨੂੰ ਮੁੱਖ ਮੰਤਰੀ ਨਹੀਂ ਬਣਾਇਆ। ਜਦੋਂ ਬਣਿਆ ਹਰੇਕ ਕਾਰੋਬਾਰੀ ਤੋਂ, ਮੁਲਾਜ਼ਮਾਂ ਤੋਂ, ਕਿਰਤੀਆਂ ਤੋਂ ਅਪਣੀ ਹਿਸੇਦਾਰੀ ਵਸੂਲ ਕੇ ਉਨ੍ਹਾਂ ਦੇ ਧੰਦੇ ਤਬਾਹ ਕਰਦਾ ਰਿਹਾ ਹੈ। ਇਸਨੇ ਤਾਂ ਦਰਬਾਰ ਸਾਹਿਬ ਦੀ ਗੋਲਕ ਨੂੰ ਵੀ ਨਹੀਂ ਛੱਡਿਆ, ਲੋਕਾਂ ਦੇ ਪੈਸੇ ਦੁਰਵਰਤੋਂ ਕੀਤੀ ਹੈ। ਰਾਜਾ ਅਮਰਿੰਦਰ ਸਿੰਘ ਅਤੇ ਉਸ ਦੇ ਪੁਰਖੇ ਤਾਂ ਮੁਗਲਾਂ ਦੇ ਵੇਲ਼ੇ ਤੋਂ ਜਿੱਧਰ ਪੱਲੜਾ ਭਾਰੀ ਹੁੰਦਾ,ਉਧਰ ਹੀ ਪਾਸਾ ਵੱਟ ਲੈਂਦੇ ਸਨ। ਮੁਗਲਾਂ ਤੋਂ ਬਾਅਦ ਅੰਗਰੇਜ਼ਾਂ ਦੀ ਚਾਪਲੂਸੀ। ਅਜ਼ਾਦੀ ਤੋਂ ਬਾਅਦ ਜਿਹੜੀ ਪਾਰਟੀ ਦਾ ਪਲੜਾ ਭਾਰੀ ਹੇਣਾ, ਉਸ ਵੱਲ ਹੋ ਜਾਣਾ। ਰਾਜਾ ਅਮਰਿੰਦਰ ਅਕਾਲੀਆਂ ਦੀ ਚੜ੍ਹਤ ਵੇਲੇ ਅਕਾਲੀਆਂ ਨਾਲ, ਕਾਂਗਰਸ ਦੀ ਚੜ੍ਹਤ ਵੇਲੇ ਕਾਂਗਰਸ ਨਾਲ, ਹੁਣ ਬੀਜੇਪੀ ਦੀ ਚੜ੍ਹਤ ਉੱਤੇ ਬੀਜੇਪੀ ਨਾਲ। ਅਸੀਂ ਤਾਂ ਆਮ ਆਦਮੀ ਵਿੱਚੋਂ ਉੱਠੇ ਹਾਂ ਤੇ ਆਮ ਆਦਮੀ ਦੀ ਸੇਵਾ ਵਿੱਚ ਹੀ ਲੱਗੇ ਹੋਏ ਹਾਂ। ਬਾਦਲਾਂ ਦਾ ਤਾਂ ਪੰਜ-ਨੁਕਾਤੀ ਚੋਣ ਮੈਨੀਫੈਸਟੋ ਹੈ, ਖੁਦ ਦੀ, ਭਾਈ ਦੀ, ਭਤੀਜੇ ਦੀ,ਸਾਲੇ ਦੀ ਅਤੇ ਜੀਜੇ ਦੀ ਵੋਟਾਂ ਪਾਕੇ ਜਿਤ ਦਰਜ ਕਰਵਾਓ ! ਕਹਿੰਦੇ ਹਨ, ਇਸ ਵਿੱਚ ਹੀ ਪੰਜਾਬ ਦਾ ਭਲਾ ਹੈ"।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ ਫੋਨ ਨੰਬਰ : 9878469639**

# ਰਿਸ਼ਤਿਆਂ ਵਿੱਚ ਪਿਆਰ ਨਹੀ ਤਾਂ ਉਲਝਣਾ ਹੀ ਉਲਝਣਾ

ਗਰਮੀ ਦਾ ਮੌਸਮ ਆਉਣ ਦੇ ਨਾਲ ਹੀ ਲੋਕ ਆਪਣੇ ਗਰਮ ਕੱਪੜੇ ਪੈਕ ਕਰਨਾ ਸ਼ੁਰੂ ਕਰ ਦਿੰਦੇ ਹਨ,ਪਰ ਕੋਈ ਅਜਿਹਾ ਵੀ ਵਿਅਕਤੀ ਹੈ ਜਿਸ ਦਾ ਇਸ ਤੋਂ ਕੁੱਝ ਅਲੱਗ ਹੀ ਸੋਚਣਾ ਹੈ।ਉਹ ਆਪਣੀਆਂ ਅੱਧੀਆਂ ਬਾਹਾਂ ਵਾਲਾ ਸਵੈਟਰ ਆਪਣੇ ਗਰਮੀਆਂ ਵਾਲੇ ਕਪੜੇ ਵਾਲੀ ਅਲਮਾਰੀ ਵਿੱਚ ਰੱਖਦਾ ਸੀ,ਉਸ ਨੂੰ ਗਰਮੀਆਂ ਵਿੱਚ ਵੀ ਇਹ ਆਰਾਮਦਾਇਕ ਲੱਗਦਾ ਸੀ।ਦਰਅਸਲ ਇੱਕ ਵਾਰ ਉਸ ਨੂੰ ਸਵੈਟਰ ਲੱਭਣ ਤੇ ਵੀ ਨਹੀ ਮਿਲਿਆ ਅਤੇ ਉਹ ਬੇਚੈਨ ਹੋ ਗਿਆ,ਉਸ ਨੇ ਸਾਰਾ ਘਰ ਸਾਰਾ ਘਰ ਛਾਣ ਮਾਰਿਆ ਆਪਣਾ ਸਵੈਟਰ ਲੱਭਣ ਦੇ ਲਈ।ਸਾਰੇ ਪਰਿਵਾਰ ਵੀ ਮੈਂਬਰ ਉਸ ਸਵੈਟਰ ਨੂੰ ਲੱਭਣ ਤੇ ਲੱਗੇ ਹੋਏ ਸਨ,ਦੋ ਦਿਨਾਂ ਬਾਅਦ ਉਹ ਸਵੈਟਰ ਉਨਾਂ ਦੇ ਬੈਡ ਦੇ ਗੱਦਿਆਂ ਦੇ ਹੇਠੋਂ ਇੱਕ ਦਰਾਜ਼ ਵਿੱਚ ਪਿਆ ਮਿਲਿਆ।ਉਦੋਂ ਤੋਂ ਹੀ ਉਸ ਨੇ ਸਰਦੀਆਂ ਵਾਲੇ ਕਪੜਿਆਂ ਨਾਲ ਹੀ ਉਹ ਸਵੈਟਰ ਰੱਖਣਾ ਬੰਦ ਕਰ ਦਿੱਤਾ।ਹੁਣ ਇਸ ਤਰਾਂ ਲੱਗ ਰਿਹਾ ਹੈ ਕਿ ਇਸ ਸਵੈਟਰ ਨੂੰ ਇਹ ਕਦੇ ਨਹੀ ਛੱਡੇਗਾ,ਕਿਉਕਿ ਸਵੈਟਰ ਪਾਉਣ ਨਾਲ ਉਸ ਨੂੰ ਪੁਰਾਣੀਆਂ ਯਾਦਾਂ ਦਾ ਅਹਿਸਾਸ ਹੋਣ ਲੱਗ ਪੈਦਾ ਹੈ।ਉਨਾਂ ਯਾਦਾਂ ਦੇ ਨਿੱਘ ਨੂੰ ਮਹਿਸੂਸ ਕਰਨ ਨਾਲ ਉਹ ਸਾਲਾਂ ਪਿੱਛੇ ਚਲੇ ਜਾਂਦਾ ਹੈ।ਉਸ ਨੂੰ ਅਚਾਨਕ ਮਹਿਸੂਸ ਹੁੰਦਾ ਹੈ ਕਿ ਉਸ ਦੀ ਮਾਂ ਦੇ ਹੱਥ,ਜੋ ਕਦੇ ਇਸ ਸਵੈਟਰ ਨੂੰ ਆਪਣੇ ਹੱਥਾਂ ਨਾਲ ਬੁਣਦੇ ਸਨ,ਤਾਂ ਹੁਣ ਉਸ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੈ ਮੇਰੀ ਮਾਂ ਦੇ ਉਹ ਹੱਥ ਮੇਰੇ ਸਿਰ ਤੇ ਫੇਰ ਰਹੇ ਹੋਣ।ਜਦੋਂ ਉਹ ਪੜ੍ਹਾਈ ਕਰ ਰਿਹਾ ਸੀ ਤਾਂ ਉਸ ਦੀ ਮਾਂ ਸਵੈਟਰ ਬੁਣਦੇ-ਬੁਣਦੇ ਉਸ ਦੀ ਪਿੱਠ ਤੇ ਲਗਾ ਕੇ ਦੇਖਦੀ ਹੁੰਦੀ ਸੀ ਕਿ ਨਾਪ ਠੀਕ ਹੈ ਜਾਂ ਨਹੀ,ਜਾਂ ਇਹ ਦੇਖਦੀ ਹੁੰਦੀ ਸੀ ਕਿ ਇਸ ਦਾ ਆਕਾਰ ਠੀਕ ਹੈ।

ਹਰ ਕਿਸੇ ਨੂੰ ਕਿਸੇ ਨਾ ਕਿਸੇ ਪੁਰਾਣੀ ਚੀਜ਼ ਨਾਲ ਲਗਾਅ ਹੁੰਦਾ ਹੈ।ਪੁਰਾਣੀ ਗੱਡੀ ਹੋਵੇ,ਪੁਰਾਣਾ ਪੈਨ ਹੋਵੇ,ਪੁਰਾਣੀ ਜੁੱਤੀ ਹੋਵੇ, ਕਿਉਕਿ ਇਹਨਾਂ ਨਾਲ ਤੁਰਨਾ,ਇਹਨਾਂ ਨਾਲ ਲਿਖਣਾ ਬੜਾ ਆਰਾਮ ਦਾਇਕ ਮਹਿਸੂਸ ਹੁੰਦਾ ਹੈ,ਇਸੇ ਕਰਕੇ ਹੀ ਉਮੀਦਵਾਰ ਨੂੰ ਅਕਸਰ ਨਵੇ ਪੈਨ ਦੀ ਬਜਾਇ ਪੁਰਾਣੇ ਪੈਨ ਨਾਲ ਲਿਖਣਾ ਵਧੀਆ ਲੱਗਦਾ ਹੈ।ਬਹੁਤ ਸਾਰੇ ਵਿਦਿਆਰਥੀ ਇਹ ਮੰਨਦੇ ਹਨ ਕਿ ਪੁਰਾਣੇ ਕਪੜਿਆਂ ਵਿੱਚ ਪੜਾਈ ਕਰਨ ਨਾਲ ਇਕਾਗਰਤਾ ਵੱਧਦੀ ਹੈ।ਇਹ ਵੀ ਮੰਨਦੇ ਹਨ ਕਿ ਪੁਰਾਣੇ ਪੈਨ ਨਾਲ ਲਿੱਖਿਆ ਸੁਧ ਮੰਨਿਆਂ ਜਾਂਦਾ ਹੈ,ਪੁਰਾਣੀ ਜੁੱਤੀ ਨਾਲ ਤੁਰਨਾ ਪੈਂਡਾ ਬਹੁਤ ਨਿਕਲਦਾ ਹੈ।

ਜਿੰਦਗੀ ਸਾਨੂੰ ਸਿਖਾਉਦੀ ਹੈ ਕਿ ਤਮਾਮ ਸਾਜੋ-ਸਮਾਨ ਬਣਦਾ ਰਹੇਗਾ ਅਤੇ ਗੁਆਚਦਾ ਰਹੇਗਾ।ਕੁਝ ਵੀ ਸਾਡੇ ਨਾਲ ਨਹੀ ਜਾਏਗਾ। ਇਹ ਤਾਂ ਚੱਲਦਾ ਹੀ ਰਹੇਗਾ,ਕਦੇ ਅਸੀ ਉਨਾਂ ਨੂੰ ਛੱਡ ਦੇਵਾਂਗੇ ਅਤੇ ਕਦੇ ਉਹ ਸਾਨੂੰ ਅਲਵਿਦਾ ਕਹਿ ਦੇਣਗੇ।ਸੁਰੂਆਤੀ ਦੌਰ ਵਿੱਚ ਹਰ ਵਿਛੋੜਾ ਦਿਲ ਤੋੜਣ ਵਾਲਾ ਹੁੰਦਾ ਹੈ ਪਰ ਸਮੇ ਦੇ ਨਾਲ-ਨਾਲ ਸਮਝ ਆ ਜਾਂਦੀ ਹੈ ਕਿ ਹਰ ਕਿਸੇ ਦਾ ਆਉਣਾ ਜਾਣਾ ਕੋਈ ਨਾ ਕੋਈ ਮਕਸਦ ਜਰੂਰ ਹੁੰਦਾ,ਸਾਨੂੰ ਕੁਝ ਸਿਖਾਉਣ ਦੇ ਲਈ,ਸਾਨੂੰ ਦਿਲ-ਾਸਾ ਦੇਣ ਲਈ,ਅਤੇ ਸਾਨੂੰ ਮਜ਼ਬੂਤ ਕਰਨ ਦੇ ਲਈ।ਸਾਨੂੰ ਹਮੇਸ਼ਾਂ ਦੇ ਲਈ ਕੁਝ ਨਾ ਕੁਝ ਨਵਾ ਠਹਿਰਾਇਆ ਜਾਂਦਾ।ਬਸ ਇਕ ਫਰਜ਼ ਦੀ ਤਰਾਂ ਜਾਂ ਇਕ ਪੜਾਅ ਵਾਂਗ ਆਉਦਾ ਹੈ ਆਪਣੀ ਆਪਣੀ ਭੂਮਿਕਾ ਨਿਭਾਅ ਕੇ ਚਲਾ ਜਾਦਾ ਹੈ।ਇਸ ਤੋਂ ਅਸੀ ਇਹੀ ਸਿੱਖਦੇ ਹਾਂ ਕਿ ਸਾਡਾ ਸਾਥ ਬਸ ਏਥੇ ਤੱਕ ਹੀ ਹੈ।ਇਸ ਸੱਚ ਨੂੰ ਸਵੀਕਾਰ ਕਰਨ ਨਾਲ ਸਾਡੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ। ਜੋ ਵੀ ਮੌਜੂਦਾ ਸਮੇਂ ਅੰਦਰ ਸਾਡੇ ਕੋਲ ਹੈ,ਜਾਂ ਜਿਸ ਚੀਜ਼ ਦਾ ਅਸੀ ਆਨੰਦ ਮਾਣ ਰਹੇ ਹਾਂ,ਉਹ ਇਸ ਸਮੇਂ ਸਾਡਾ ਹੈ।ਜੋ ਕੁਝ ਸਾਡੇ ਕੋਲੋ ਚਲਾ ਗਿਆ,ਤਬਾਹ ਹੋ ਗਿਆ ਹੈ,ਅਤੇ ਆਪਦੀ ਉਮਰ ਪੂਰੀ ਕਰ ਚੁੱਕਿਆ ਹੈ,ਉਸ ਨਾਲ ਸਾਡਾ ਸਬੰਧ ਉਸ ਸਮੇਂ ਤੱਕ ਹੀ ਸੀ,ਜਦੋਂ ਤੱਕ ਸਾਡੇ ਨਾਲ ਸੀ।ਇਹ ਜਿੰਦਗੀ ਹੈ,ਆਉਣਾ ਅਤੇ ਜਾਣਾ,ਮਿਲਣਾ ਅਤੇ ਵਿਛੜਣਾ,ਅਤੇ ਹਰ ਇੱਕ ਦੇ ਆਦਾਨ ਪ੍ਰਦਾਨ ਦੇ ਨਾਲ,ਅਸੀ ਆਪਣੇ ਆਪ ਨੂੰ ਥੋੜ੍ਹਾ ਜਿਹਾ ਦਿਲਾਸਾ ਦੇਣ ਦੀ ਕੋਸ਼ਿਸ਼ ਜਰੂਰ ਕਰਦੇ ਹਾਂ।ਕੁਦਰਤ ਨੇ ਸਾਨੂੰ ਅਣਗਿਣਤ ਉਦਾਹਰਣਾਂ ਦੇ ਦੇ ਕੇ ਸਮਝਾਇਆ ਹੈ ਕਿ ਜਿਸ ਚੀਜ਼ ਦਾ ਜਨਮ ਹੋਇਆ ਹੈ ਤਾਂ ਉਸ ਦਾ ਅੰਤ ਵੀ ਨਿਸ਼ਚਿਤ ਹੁੰਦਾ ਹੈ,ਵਿਛੋੜੇ ਦੇ ਬਾਵਜੂਦ,ਕੁਦਰਤ ਨੇ ਸਾਡੇ ਵਿੱਚ ਬਚਣ ਦੀ ਹਿੰਮਤ ਵੀ ਭਰੀ ਹੋਈ ਹੈ।

ਸਾਨੂੰ ਸਿਆਣੇ ਲੋਕ ਸਮਝਾਉਦੇ ਚਲੇ ਗਏ ਕਿ ਪੂਰਾ ਵਾਜੂਦ,ਹਰ ਪਲ,ਇੱਕ ਤਿਉਹਾਰ ਵਾਂਗ ਆਨੰਦ ਲੈਣ ਲਈ ਆਇਆ ਹੈ।ਇਸ ਲਈ,ਕਿਸੇ ਨੂੰ,ਆਪਣੇ ਆਪ ਨੂੰ ਕਿਸੇ ਖਾਸ ਸਮੇਂ ਜਾਂ ਵਸਤੂ ਤੱਕ ਸੀਮਤ ਜਾਂ ਬੰਨ੍ਹਣਾ ਨਹੀ ਚਾਹੀਦਾ।ਜੋ ਵਿਅਕਤੀ ਇਨਾਂ ਸਾਰੇ ਬੰਧਨਾ ਨੂੰ ਤੋੜ ਕੇ ਆਜਾਦ ਤੌਰ ‘ਤੇ ਜਿਊਣਾ ਸ਼ੁਰੂ ਕਰ ਦਿੰਦਾ ਹੈ,ਉਹ ਕਿਸੇ ਵੀ ਵਹਿਮ,ਭਰਮ ਵਿੱਚ ਬੱਝਿਆ ਨਹੀ ਰਹਿੰਦਾ। ਜੋ ਵੀ ਵਾਪਰਦਾ ਹੈ ਅਤੇ ਜੋ ਵੀ ਹੋ ਰਿਹਾ ਹੁੰਦਾ ਹੈ ਉਸ ਨੂੰ ਖੁਸ਼ੀ ਖੁਸ਼ੀ ਗਲੇ ਲਗਾਉਣਾ ਚਾਹੀਦਾ ਹੈ।ਹੁਣ ਤੱਕ ਜੋ ਕੁਝ ਵੀ ਹੋਇਆ ਹੈ ਉਸ ਨੂੰ ਭੁੱਲ ਜਾਣਾ ਚਾਹੀਦਾ ਹੈ।ਪਿੱਛੇ ਜੋ ਹੋਇਆ ਉਸ ਨੂੰ ਭੁੱਲਣਾ ਅਤੇ ਉਸ ਤੋਂ ਵੱਖ ਹੋਣ ਤੋਂ ਬਾਅਦ,ਪਿੱਛੇ ਮੁੜ ਕੇ ਦੇਖਣਾ ਵਿਅਰਥ ਹੈ।ਹੁਣ ਦੇ ਸਮੇਂ ਵਿੱਚ ਸਾਨੂੰ ਜਿਊਣ ਦੀ ਲੋੜ ਹੈ,ਕਿਉਕਿ ਜੀਵਨ ਪਰਵਰਤਨ ਦਾ ਹੀ ਨਾਮ ਹੈ,ਇਸ ਲਈ ਸਾਨੂੰ ਇਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਹਰ ਵਿਅਕਤੀ ਆਪਣੇ ਆਪ ਵਿੱਚ ਸੰਪੂਰਨ ਹੁੰਦਾ ਹੈ।ਉਹਨਾਂ ਨੂੰ ਜੋ ਚਾਹੀਦਾ ਹੈ ਉਹ ਸੱਭ ਉਨਾਂ ਦੇ ਅੰਦਰ ਹੀ ਹੈ।ਜੋ ਵਿਅਕਤੀ ਇਸ ਨੂੰ ਪਛਾਣ ਲੈਦਾ ਹੈ,ਸੱਚਮੁਚ ਹੀ ਉਹ ਸਾਰੇ ਬੰਧਨਾ ਤੋਂ ਮੁੱਕਤ ਹੋ ਜਾਂਦਾ ਹੈ।ਇਹ ਕੋਈ ਬਾਹਰੋਂ ਪ੍ਰਾਪਤ ਨਹੀ ਹੁੰਦਾ ਇਹ ਸਗੋਂ ਪਹਿਲਾਂ ਹੀ ਵਿਅਕਤੀ ਦੇ ਅੰਦਰ ਹੁੰਦਾ ਹੈ।

ਇਕ ਗੱਲ ਤਾਂ ਸੋਚ ਕੇ ਚਲੋ,ਜਿੰਦਗੀ ਵਿੱਚ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਜੋ ਕੁਝ ਹੋ ਰਿਹਾ ਹੈ ਉਹ ਤੁਹਾਡੇ ਭਲੇ ਲਈ ਹੋ ਰਿਹਾ ਹੈ,ਜੋ ਕੁਝ ਵਾਪਰ ਗਿਆ ਹੈ ਹੋ ਸਕਦਾ ਹੈ ਕਿ ਤੁਹ-ਾਡੇ ਭਲੇ ਲਈ ਵਾਪਰਰਿਆ ਹੋਵੇ।ਤੁਸੀ ਕੀ ਗੁਆਇਆ ਹੈ ਉਸ ਦਾ ਵਿਰਲਾਪ ਨਾ ਕਰੋ?ਤੁਸੀ ਕੀ ਲੈ ਕੇ ਆਏ ਸੀ ਜੋ ਤੁਸੀ ਗੁਆ ਚੁੱਕੇ ਹੋ?ਤੁਸੀ ਬਣਾਇਆ ਹੀ ਕੀ ਸੀ ਜੋ ਤਬਾਹ ਹੋ ਗਿਆ?ਅਸਲੀਅਤ ਤਾਂ ਇਹ ਹੈ ਕਿ ਜੋ ਕੁਝ ਵੀ ਤੁਹਾਨੂੰ ਮਿਲਿਆ ਹੈ ਉਹ ਤੁਸੀ ਇਥੋਂ ਹੀ ਪ੍ਰਾਪਤ ਕੀਤਾ ਹੈ।ਜੋ ਕੁਝ ਤੁਸੀ ਦਿੱਤਾ ਹੈ,ਉਹ ਏਥੇ ਹੀ ਮਿਲਿਆ ਹੈ।ਅੱਜ ਜੋ ਤੁਹਾਡੇ ਕੋਲ ਹੈ,ਉਹ ਕੱਲ ਕਿਸੇ ਹੋਰ ਦਾ ਸੀ,ਕੱਲ ਨੂੰ ਕਿਸੇ ਹੋਰ ਦਾ ਹੋਵੇਗਾ।ਇਹ ਸੰਸਾਰ ਮਨੁੱਖੀ ਜੀਵਨ ਲਈ ਇਕ ਸਰਾਂਹ ਦੀ ਤਰਾਂ ਹੈ ਏਥੇ ਆਉਣਾ ਜਾਣਾ ਲੱਗਿਆ ਹੀ ਰਹਿਣਾ ਹੈ ਇਸ ਲਈ ਸਾਨੂੰ ਕਿਸੇ ਵੀ ਚੀਜ਼ ਤੇ ਮਾਣ ਨਹੀ ਕਰਨਾ ਚਾਹੀਦਾ।



**ਅਮਰਜੀਤ ਚੰਦਰ**
**ਲੁਧਿਆਣਾ**

# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com